@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 14 February 2025
VISIT: www.qaumipatrika.org
Email: qpatrika@gmail.com
Punjabi National Daily
Qaumi Patrika NO.1
ਨਵੀਂ ਦਿੱਲੀ: ਸ਼ੁੱਕਰਵਾਰ 14 ਫਰਵਰੀ 2025, 30 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 95, qpatrika@gmail.com ਫੋਨ : 9971359517 www.qaumipatrika.org

# ਅਮਰੀਕਾ ਪੁੱਜੇ ਪ੍ਰਧਾਨ ਮੰਤਰੀ ਮੋਦੀ ਦਾ ਗਰਮਜੋਸ਼ੀ ਨਾਲ ਸਵਾਗਤ

**ਸਿੰਮੀ ਕੌਰ ਬੱਬਰ**

ਵਾਸ਼ਿੰਗਟਨ 13 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਦਿਨਾਂ ਦੇ ਦੌਰੇ 'ਤੇ ਅਮਰੀਕਾ ਪਹੁੰਚ ਗਏ ਹਨ। ਪ੍ਰਧਾਨ ਮੰਤਰੀ ਦਾ ਵਾਸ਼ਿੰਗਟਨ ਪਹੁੰਚਣ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪੀਐੱਮ ਮੋਦੀ ਆਪਣੀ ਯਾਤਰਾ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵੀ ਮੁਲਾਕਾਤ ਕਰਨਗੇ। ਉਹ ਵੀਰਵਾਰ ਨੂੰ ਵ?ਹਾਈਟ ਹਾਊਸ 'ਚ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕਰਨਗੇ। ਪੀਐੱਮ ਮੋਦੀ ਵਾਸ਼ਿੰਗਟਨ ਡੀਸੀ ਦੇ ਬਲੇਅਰ ਹਾਊਸ ਵਿੱਚ ਰੁਕੇ ਹੋਏ ਹਨ ਪਰ ਹੋਟਲ ਜਾਣ ਤੋਂ ਪਹਿਲਾਂ ਪੀਐੱਮ ਮੋਦੀ ਨੇ ਇੱਥੇ ਪਹਿਲਾਂ ਤੋਂ ਮੌਜੂਦ ਭਾਰਤੀਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੋਦੀ-ਮੋਦੀ ਦੇ ਨਾਅਰੇ ਵੀ ਲਾਏ ਗਏ। ਅਮਰੀਕਾ ਪਹੁੰਚਣ ਤੋਂ ਬਾਅਦ ਪੀਐੱਮ ਮੋਦੀ ਨੇ ਰਾਸ਼ਟਰਪਤੀ ਟਰੰਪ ਤੋਂ ਪਹਿਲਾਂ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਤੁਲਸੀ ਗਬਾਰਡ ਨਾਲ ਮੁਲਾਕਾਤ ਕੀਤੀ। ਪੀਐੱਮ ਮੋਦੀ ਨੇ ਤੁਲਸੀ ਗਬਾਰਡ ਨਾਲ ਮੁਲਾਕਾਤ ਨੂੰ ਲੈ ਕੇ ਸੋਸ਼ਲ ਮੀਡੀਆ ਹੈਂਡਲ ਐਕਸ 'ਤੇ ਪੋਸਟ ਕਰਦੇ ਹੋਏ ਕਿਹਾ, "ਤੁਲਸੀ ਗਬਾਰਡ ਨਾਲ ਮੁਲਾਕਾਤ ਹੋਈ। ਉਨ੍ਹਾਂ ਦੇ ਇਸ ਅਹੁਦੇ



'ਤੇ ਕਾਇਮ ਹੋਣ ਲਈ ਉਨ੍ਹਾਂ ਨੂੰ ਵਧਾਈ। ਇਸ ਦੌਰਾਨ ਭਾਰਤ-ਅਮਰੀਕਾ ਦੋਸਤੀ ਦੇ ਕਈ ਪਹਿਲੂਆਂ 'ਤੇ ਵੀ ਚਰਚਾ ਕੀਤੀ।" ਦੋ ਦਿਨਾਂ ਦੇ ਦੌਰੇ 'ਤੇ ਅਮਰੀਕਾ ਪਹੁੰਚੇ ਪੀਐੱਮ ਮੋਦੀ ਵਾਸ਼ਿੰਗਟਨ ਡੀਸੀ ਦੇ ਬਲੇਅਰ ਹਾਊਸ 'ਚ ਰੁਕੇ ਹੋਏ ਹਨ ਪਰ ਦੇਸ਼ ਪਹੁੰਚਣ ਤੋਂ ਬਾਅਦ ਪੀਐੱਮ ਨੇ ਹੋਟਲ ਵੱਲ ਜਾਣ ਤੋਂ ਪਹਿਲਾਂ ਇੱਥੇ ਮੌਜੂਦ ਭਾਰਤੀਆਂ ਨਾਲ ਮੁਲਾਕਾਤ ਕੀਤੀ। ਲੋਕ ਪ੍ਰਧਾਨ ਮੰਤਰੀ ਨੂੰ ਮਿਲਣ ਅਤੇ ਉਨ੍ਹਾਂ ਨੂੰ ਦੇਖਣ ਲਈ ਉਤਸ਼ਾਹਿਤ ਸਨ। ਕੜਾਕੇ ਦੀ ਠੰਢ ਵਿੱਚ ਵੀ ਲੋਕਾਂ ਵਿੱਚ ਜੋਸ਼ ਅਤੇ ਉਤਸ਼ਾਹ ਦੇਖਣ ਨੂੰ ਮਿਲਿਆ। ਹਰ ਪਾਸੇ ਮੋਦੀ-ਮੋਦੀ ਦੇ ਨਾਅਰੇ ਲੱਗ ਰਹੇ ਸਨ। ਪੀਐੱਮ ਮੋਦੀ ਨੇ ਲੋਕਾਂ ਨਾਲ ਇਸ ਮੁਲਾਕਾਤ ਬਾਰੇ ਸੋਸ਼ਲ ਮੀਡੀਆ ਹੈਂਡਲ ਐਕਸ 'ਤੇ ਪੋਸਟ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ, "ਠੰਡੇ ਮੌਸਮ ਦੇ ਬਾਵਜੂਦ ਵਾਸ਼ਿੰਗਟਨ ਡੀਸੀ ਵਿੱਚ ਭਾਰਤੀ ਪ੍ਰਵਾਸੀਆਂ ਨੇ ਮੇਰਾ ਬਹੁਤ ਗਰਮਜੋਸ਼ੀ ਨਾਲ ਸਵਾਗਤ ਕੀਤਾ, ਉਸ ਲਈ ਮੇਰਾ ਉਨ੍ਹਾਂ ਨੂੰ ਧੰਨਵਾਦ।"

## ਕਾਰਨ ਦੱਸੋ ਨੋਟਿਸ 'ਤੇ ਵਿਜ ਨੇ ਭਾਜਪਾ ਲੀਡਰਸ਼ਿਪ ਨੂੰ ਭੇਜਿਆ 8 ਪੰਨਿਆਂ ਦਾ ਜਵਾਬ

ਅੰਬਾਲਾ 13 ਫਰਵਰੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ ਵਿਰੁੱਧ ਆਪਣੇ ਬਿਆਨਾਂ ਕਾਰਨ ਵਿਵਾਦਾਂ 'ਚ ਆਏ ਹਰਿਆਣਾ



ਦੇ ਊਰਜਾ, ਆਵਾਜਾਈ ਤੇ ਕਿਰਤ ਮੰਤਰੀ ਅਨਿਲ ਵਿੱਜ ਨੇ ਭਾਜਪਾ ਲੀਡਰਸ਼ਿਪ ਨੂੰ ਕਾਰਨ ਦੱਸੋ ਨੋਟਿਸ ਦਾ 8 ਪੰਨਿਆਂ ਦਾ ਜਵਾਬ ਭੇਜਿਆ ਹੈ। ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ ਨੇ ਸੋਮਵਾਰ ਅਨਿਲ ਵਿਜ ਨੂੰ ਨੋਟਿਸ ਜਾਰੀ ਕਰ ਕੇ ਤਿੰਨ ਦਿਨਾਂ ਅੰਦਰ ਲਿਖਤੀ ਜਵਾਬ ਦੇਣ ਲਈ ਕਿਹਾ ਸੀ। ਬੁੱਧਵਾਰ ਅੰਬਾਲਾ ਛਾਉਣੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਨਿਲ ਵਿਜ ਨੇ ਆਪਣੇ ਖਾਸ ਅੰਦਾਜ਼ 'ਚ ਦੱਸਿਆ ਕਿ ਮੈਂ ਤਿੰਨ ਦਿਨਾਂ ਲਈ ਬੈਂਗਲੁਰੂ ਗਿਆ ਸੀ। ਮੰਗਲਵਾਰ ਰਾਤ ਨੂੰ ਉੱਥੋਂ ਵਾਪਸ ਆਇਆ। ਘਰ ਗਿਆ, ਠੰਡੇ ਪਾਣੀ ਨਾਲ ਨਹਾਤਾ, ਰੋਟੀ ਖਾਧੀ ਤੇ ਬੈਠ ਕੇ ਜਵਾਬ ਲਿਖਿਆ। ਮੈਨੂੰ 3 ਦਿਨ ਦਾ ਸਮਾਂ ਦਿੱਤਾ ਗਿਆ ਸੀ, ਪਰ ਮੈਂ ਮੰਗਲਵਾਰ ਰਾਤ ਹੀ ਸਮੇਂ ਤੋਂ ਪਹਿਲਾਂ ਜਵਾਬ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਮੈਂ ਇਸ 'ਚ ਇਹ ਵੀ ਲਿਖਿਆ ਹੈ ਕਿ ਜੇ ਪਾਰਟੀ ਨੂੰ ਕਿਸੇ ਹੋਰ ਮਾਮਲੇ ਦਾ ਜਵਾਬ ਚਾਹੀਦਾ ਹੈ ਤਾਂ ਮੈਂ ਉਹ ਵੀ ਲਿਖਤੀ ਰੂਪ 'ਚ ਦੇਵਾਂਗਾ। ਜੋ ਵੀ ਮੈਨੂੰ ਯਾਦ ਸੀ, ਜੋ ਵੀ ਮੈਂ ਸੋਚ ਸਕਦਾ ਸੀ, ਮੈਂ ਉਸ ਨੂੰ ਲਿਖ ਦਿੱਤਾ ਹੈ।

## ਆਰਬੀਆਈ ਦੁਬਾਰਾ ਜਾਰੀ ਕਰੇਗਾ ਨੋਟ, ਨਵੇਂ ਗਵਰਨਰ ਕਰਨਗੇ ਇਸ 'ਤੇ ਦਸਤਖ਼ਤ

ਨਵੀਂ ਦਿੱਲੀ 13 ਫਰਵਰੀ। ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਬੁੱਧਵਾਰ ਨੂੰ ਐਲਾਨ ਕੀਤਾ ਹੈ ਕਿ ਜਲਦੀ ਹੀ 50 ਰੁਪਏ ਦੇ ਨਵੇਂ ਨੋਟ ਜਾਰੀ ਕੀਤੇ ਜਾਣਗੇ। ਭਾਰਤੀ ਰਿਜ਼ਰਵ ਬੈਂਕ ਜਲਦ ਹੀ 50 ਰੁਪਏ ਦੇ ਨਵੇਂ ਨੋਟ ਬਾਜ਼ਾਰ 'ਚ ਲਾਂਚ ਕਰਨ ਜਾ ਰਿਹਾ ਹੈ। ਨਵੇਂ ਨੋਟਾਂ 'ਤੇ ਗਵਰਨਰ ਸੰਜੇ ਮਲਹੋਤਰਾ ਦੇ ਦਸਤਖਤ ਹੋਣਗੇ। ਮਲਹੋਤਰਾ ਨੇ ਸ਼ਕਤੀਕਾਂਤ ਦਾਸ ਦੀ ਸੇਵਾਮੁਕਤੀ ਤੋਂ ਬਾਅਦ ਦਸੰਬਰ 2024 ਵਿੱਚ ਅਹੁਦਾ ਸੰਭਾਲਿਆ ਸੀ। ਆਰਬੀਆਈ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਇਨ੍ਹਾਂ ਨੋਟਾਂ ਦਾ ਡਿਜ਼ਾਈਨ ਮਹਾਤਮਾ ਗਾਂਧੀ (ਨਵੀਂ) ਸੀਰੀਜ਼ ਦੇ 50 ਰੁਪਏ ਦੇ ਨੋਟਾਂ ਵਰਗਾ ਹੋਵੇਗਾ। ਇਸ ਦੇ ਨਾਲ ਹੀ ਆਰਬੀਆਈ ਨੇ ਐਲਾਨ ਕੀਤਾ ਹੈ ਕਿ ਬਾਜ਼ਾਰ ਵਿੱਚ ਪਹਿਲਾਂ ਤੋਂ



ਜਾਰੀ 50 ਰੁਪਏ ਦੇ ਸਾਰੇ ਨੋਟ ਵੈਧ ਰਹਿਣਗੇ। ਜਾਰੀ ਕੀਤੀ ਗਈ ਪਹਿਲੀ ਮਹਾਤਮਾ ਗਾਂਧੀ (ਨਵੀਂ) ਸੀਰੀਜ਼ ਦੇ ਨੋਟ 66$$ ਗੁਣਾ 135$$ ਆਕਾਰ ਦੇ ਹਨ। ਇਨ੍ਹਾਂ ਨੋਟਾਂ ਦਾ ਰੰਗ ਫਲੋਰੋਸੈਂਟ ਬਲੂ ਹੈ। ਨੋਟਾਂ ਦੇ ਉਲਟ ਪਾਸੇ ਰੱਥ ਦੇ ਨਾਲ ਹੰਪੀ ਮੰਦਰ ਦੀ ਤਸਵੀਰ ਹੈ, ਜੋ ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦੀ ਹੈ। ਕਰੀਬ ਡੇਢ ਸਾਲ ਪਹਿਲਾਂ ਭਾਰਤ 'ਚ 2 ਹਜ਼ਾਰ ਰੁਪਏ ਦੇ ਨੋਟ ਬੰਦ ਕਰ ਦਿੱਤੇ ਸਨ। ਅੰਦਾਜ਼ੇ ਮੁਤਾਬਕ ਅਜੇ ਵੀ ਲੱਖਾਂ ਲੋਕ ਅਜਿਹੇ ਹਨ ਜਿਨ੍ਹਾਂ ਕੋਲ 2000 ਰੁਪਏ ਦੇ ਨੋਟ ਹਨ। ਹਾਲ ਹੀ 'ਚ ਆਰਬੀਆਈ ਦਾ ਇਕ ਬਿਆਨ ਸਾਹਮਣੇ ਆਇਆ ਸੀ, ਜਿਸ 'ਚ ਕਿਹਾ ਗਿਆ ਸੀ ਕਿ ਇਸ ਸਾਲ 31 ਜਨਵਰੀ ਤੱਕ 2000 ਰੁਪਏ ਦੇ 98.15 ਫੀਸਦੀ ਗੁਲਾਬੀ ਨੋਟ ਬੈਂਕਿੰਗ ਸਿਸਟਮ 'ਚ ਵਾਪਸ ਆ ਚੁੱਕੇ ਹਨ। ਲੋਕਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਕੋਲ 6577 ਕਰੋੜ ਰੁਪਏ ਦੇ ਨੋਟ ਰਹਿ ਗਏ ਹਨ। ਅੰਦਾਜ਼ਾ ਸੀ ਕਿ 31 ਦਸੰਬਰ 2024 ਤੱਕ ਲੋਕਾਂ ਕੋਲ 6691 ਕਰੋੜ ਰੁਪਏ ਦੇ 2,000 ਰੁਪਏ ਦੇ ਨੋਟ ਹੋਣਗੇ। ਭਾਰਤੀ ਰਿਜ਼ਰਵ ਬੈਂਕ ਨੇ 19 ਮਈ 2023 ਨੂੰ ਕਲੀਨ ਨੋਟ ਨੀਤੀ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਸੀ। ਇਸ ਦੇ ਮੁਤਾਬਕ ਦੇਸ਼ 'ਚ ਚੱਲ ਰਹੇ 2000 ਰੁਪਏ ਦੇ ਨੋਟ ਵਾਪਸ ਲੈਣ ਦੀ ਗੱਲ ਕਹੀ ਗਈ ਸੀ।

## ਸੇਵਾਮੁਕਤ ਸਬ-ਇੰਸਪੈਕਟਰ ਦੇ ਘਰਾਂ 'ਤੇ ਛਾਪੇਮਾਰੀ

ਮੇਰਠ 13 ਫਰਵਰੀ। ਆਮਦਨ ਦੇ ਜਾਣੇ-ਪਛਾਣੇ ਸਰੋਤ ਤੋਂ ਵੱਧ ਜਾਇਦਾਦ ਰੱਖਣ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਵਿਜੀਲੈਂਸ ਵਿਭਾਗ ਨੇ ਸੇਵਾਮੁਕਤ ਪੁਲਸ ਸਬ-ਇੰਸਪੈਕਟਰ ਮਹਿੰਦਰ ਸਿੰਘ ਸੈਣੀ ਦੇ ਘਰਾਂ 'ਤੇ ਛਾਪਾ ਮਾਰਿਆ ਅਤੇ 14.50 ਕਰੋੜ ਰੁਪਏ ਦੀ ਜਾਇਦਾਦ ਦਾ ਪਤਾ ਲਗਾਇਆ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਵਧੀਕ ਪੁਲਸ ਸੁਪਰਡੈਂਟ (ਵਿਜੀਲੈਂਸ) ਇੰਦੂ ਸਿਧਾਰਥ ਨੇ ਵੀਰਵਾਰ ਨੂੰ ਕਿਹਾ ਕਿ ਛਾਪੇਮਾਰੀ ਦੌਰਾਨ ਵਿਭਾਗ ਦੀਆਂ ਤਿੰਨ ਟੀਮਾਂ ਨੇ ਸੱਤ ਘੰਟੇ ਜਾਂਚ ਕੀਤੀ। ਇਸ ਟੀਮ 'ਚ 22 ਕਰਮਚਾਰੀ ਹਨ। ਟੀਮ ਨੇ ਬੁੱਧਵਾਰ ਸਵੇਰੇ ਇੱਥੇ ਕੀਰਤੀ ਪੈਲੇਸ ਵਿਖੇ ਮਹਿੰਦਰ ਸੈਣੀ ਦੇ 2 ਘਰਾਂ ਅਤੇ ਜਾਗ੍ਰਿਤੀ ਵਿਹਾਰ ਵਿਖੇ ਉਨ੍ਹਾਂ ਦੇ 'ਨਵੀਂ ਦਿੱਲੀ ਪਬਲਿਕ ਸਕੂਲ' 'ਤੇ ਇਕੋ ਸਮੇਂ ਛਾਪੇਮਾਰੀ ਕੀਤੀ। ਇਸ ਸਕੂਲ ਸੋਸਾਇਟੀ ਦੀ ਪ੍ਰਧਾਨ ਸੈਣੀ ਦੀ ਪਤਨੀ ਸ਼ਕੁੰਤਲਾ ਦੇਵੀ ਹੈ ਅਤੇ ਮੈਨੇਜਰ/ਜਨਰਲ ਸਕੱਤਰ ਉਨ੍ਹਾਂ ਦਾ ਪੁੱਤਰ ਅਨੁਰਾਗ ਸੈਣੀ ਹੈ। ਸਿਧਾਰਥ ਦੇ ਅਨੁਸਾਰ, ਮਹਿੰਦਰ ਸਿੰਘ ਸੈਣੀ ਦੇ ਕੰਪਲੈਕਸ 'ਤੇ ਛਾਪਾ ਮਾਰਨ ਲਈ ਅਦਾਲਤ ਤੋਂ ਸਰਚ ਵਾਰੰਟ ਹਾਸਲ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਛਾਪੇਮਾਰੀ ਦੌਰਾਨ 11.5 ਕਰੋੜ ਰੁਪਏ ਦੇ ਸਕੂਲ ਅਤੇ 3 ਕਰੋੜ ਰੁਪਏ ਦੀਆਂ 2 ਰਿਹਾਇਸ਼ਾਂ ਦਾ ਪਤਾ ਲੱਗਾ। ਇਸ ਤੋਂ ਇਲਾਵਾ ਵੱਖ-ਵੱਖ ਬੈਂਕਾਂ ਦੇ 10 ਖਾਤੇ, 30 ਥਾਵਾਂ 'ਤੇ ਜ਼ਮੀਨਾਂ ਅਤੇ ਪਲਾਟਾਂ ਦੇ ਕਾਗਜ਼ਾਤ ਬਰਾਮਦ ਕੀਤੇ ਗਏ ਹਨ। ਇੰਨਾ ਹੀ ਨਹੀਂ, ਸੇਵਾਮੁਕਤ ਸਬ-ਇੰਸਪੈਕਟਰ ਦੇ ਘਰੋਂ ਕਰੋੜਾਂ ਰੁਪਏ ਦੇ ਗਹਿਣੇ ਵੀ ਬਰਾਮਦ ਕੀਤੇ ਗਏ ਹਨ। ਇਨ੍ਹਾਂ ਦੀ ਸੂਚੀ ਬਣਾਉਣ ਤੋਂ ਬਾਅਦ ਟੀਮ ਨੇ ਸਾਰਾ ਸਾਮਾਨ ਅਤੇ ਦਸਤਾਵੇਜ਼ ਆਪਣੇ ਕਬਜ਼ੇ 'ਚ ਲੈ ਲਏ ਹਨ। ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਿਧਾਰਥ ਨੇ ਕਿਹਾ ਕਿ ਇਸ ਤੋਂ ਇਲਾਵਾ ਸਕੂਲ ਦੇ ਰਿਹਾਇਸ਼ 'ਚ ਖੜੀ 'ਸਵਿਫਟ ਡਿਜ਼ਾਇਰ' ਕਾਰ ਅਤੇ ਤਿੰਨ ਸਕੂਟਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਸਕੂਲ 'ਚ ਲਗਾਏ ਗਏ ਸਾਰੇ ਉਪਕਰਣਾਂ ਅਤੇ ਫਰਨੀਚਰ ਦੀ ਸੂਚੀ ਤਿਆਰ ਕਰ ਲਈ ਗਈ ਹੈ।

# ਮੁੱਖ ਮੰਤਰੀ ਮਾਨ ਨੇ ਪੰਜਾਬ ਦੇ ਨੌਜਵਾਨਾਂ ਲਈ ਕਰ 'ਤਾ ਵੱਡਾ ਐਲਾਨ

**ਏਜੰਸੀਆਂ**

ਚੰਡੀਗੜ੍ਹ 13 ਫਰਵਰੀ। ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਲਈ ਵੱਡਾ ਫ਼ੈਸਲਾ ਲਿਆ ਹੈ। ਨੌਜਵਾਨਾਂ ਕੋਲ ਪੰਜਾਬ ਪੁਲਸ ਵਿਚ ਨੌਕਰੀ ਕਰਨ ਦਾ ਸੁਫ਼ਨਾ ਪੂਰਾ ਕਰਨ ਦਾ ਮੌਕਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਪੁਲਸ 'ਚ ਕਾਂਸਟੇਬਲਾਂ ਦੀਆਂ 1746 ਅਸਾਮੀਆਂ ਕੱਢਣ ਦਾ ਐਲਾਨ ਕੀਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਹੈ ਕਿ ਸਾਡੀ ਸਰਕਾਰ ਦਾ ਮਕਸਦ ਰੰਗਲਾ ਪੰਜਾਬ ਬਣਾਉਣਾ ਹੈ ਜਿਸ ਵਿਚ ਨੌਜਵਾਨਾਂ ਦੀ ਭੂਮਿਕਾ ਸਭ ਤੋਂ ਅਹਿਮ ਹੈ ਤੇ ਇਹ ਸੁਪਨਾ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇਣ ਨਾਲ ਹੀ ਪੂਰਾ ਹੋ ਸਕਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਵਾਅਦੇ ਮੁਤਾਬਿਕ ਪੰਜਾਬ ਪੁਲਸ ਵਿਭਾਗ 'ਚ ਕੁੱਲ 1746 ਨਵੀਆਂ ਆਸਾਮੀਆਂ ਕੱਢੀਆਂ ਗਈਆਂ ਨੇ। 21 ਫ਼ਰਵਰੀ ਤੋਂ 13 ਮਾਰਚ ਤੱਕ ਨੌਜਵਾਨ ਅਪਲਾਈ ਕਰ ਸਕਦੇ ਨੇ। ਜ਼ਿਲ੍ਹਾ ਕਾਡਰ 'ਚ 1261 ਅਤੇ ਹਥਿਆਰਬੰਦ ਕਾਡਰ 'ਚ 485 ਆਸਾਮੀਆਂ 'ਤੇ ਭਰਤੀ ਕੀਤੀ ਜਾਵੇਗੀ। ਆਉਣ ਵਾਲੇ ਦਿਨਾਂ 'ਚ ਹੋਰ ਵੀ ਸਰਕਾਰੀ ਨੌਕਰੀਆਂ ਨੌਜਵਾਨਾਂ ਦੀ ਉਡੀਕ ਕਰ ਰਹੀਆਂ ਨੇ। ਵੇਰਵੇ ਜਲਦ ਸਾਂਝੇ ਕਰਾਂਗੇ। ਕਾਂਸਟੇਬਲ ਦੀ ਅਸਾਮੀ ਲਈ ਅਰਜ਼ੀ ਦੇਣ ਵਾਲਾ ਉਮੀਦਵਾਰ ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ ਘੱਟੋਂ-ਘੱਟ 10+2 (12ਵੀਂ) ਜਮਾਤ ਪਾਸ ਹੋਣਾ ਚਾਹੀਦਾ ਹੈ। ਸਾਬਕਾ ਸੈਨਿਕ ਲਈ 10ਵੀਂ ਜਮਾਤ ਪਾਸ ਹੋਣਾ ਲਾਜ਼ਮੀ ਹੈ। ਇਸ ਦੇ ਨਾਲ ਹੀ, ਉਮੀਦਵਾਰ ਦੀ ਘੱਟੋ-ਘੱਟ ਉਮਰ 18 ਸਾਲ ਤੋਂ ਵੱਧ



ਨਹੀਂ ਹੋਣੀ ਚਾਹੀਦੀ ਅਤੇ ਵੱਧ ਤੋਂ ਵੱਧ ਉਮਰ 28 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਰਾਖਵੀਂ ਸ਼੍ਰੇਣੀ ਤੋਂ ਆਉਣ ਵਾਲੇ ਉਮੀਦਵਾਰਾਂ ਨੂੰ ਨਿਯਮਾਂ ਅਨੁਸਾਰ ਵੱਧ ਉਮਰ ਵਿੱਚ ਛੋਟ ਦਿੱਤੀ ਜਾਵੇਗੀ। ਇਸ ਸਬੰਧੀ ਜਾਰੀ ਹੋਏ ਨੋਟੀਫਿਕੇਸ਼ਨ ਮੁਤਾਬਕ ਇਸ ਭਰਤੀ ਲਈ ਅਰਜ਼ੀ ਪ੍ਰਕਿਰਿਆ 21 ਫਰਵਰੀ ਤੋਂ ਹੀ ਸ਼ੁਰੂ ਹੋ ਜਾਵੇਗੀ। ਕਾਂਸਟੇਬਲ ਦੀਆਂ ਅਸਾਮੀਆਂ ਲਈ ਯੋਗਤਾ ਦੇ ਮਾਪਦੰਡ ਪੂਰੇ ਕਰਨ ਵਾਲੇ ਉਮੀਦਵਾਰ ਅਰਜ਼ੀ ਪ੍ਰਕਿਰਿਆ ਸ਼ੁਰੂ ਹੁੰਦੇ ਹੀ ਅਪਲਾਈ ਕਰ ਸਕਦੇ ਹਨ। ਅਪਲਾਈ ਕਰਨ ਲਈ ਨੌਜਵਾਨਾਂ ਨੂੰ ਪੰਜਾਬ ਪੁਲਸ ਦੀ ਅਧਿਕਾਰਤ 'ਤੇ ਫਾਰਮ ਭਰਨੇ ਪੈਣਗੇ। ਇਸ ਅਸਾਮੀ ਲਈ ਅਰਜ਼ੀ ਫਾਰਮ ਭਰਨ ਦੀ ਆਖਰੀ ਤਾਰੀਕ 13 ਮਾਰਚ 2025 ਨਿਰਧਾਰਤ ਕੀਤੀ ਗਈ ਹੈ। ਇਸ ਭਰਤੀ ਵਿਚ ਹਿੱਸਾ ਲੈਣ ਲਈ, ਫਾਰਮ ਸਿਰਫ਼ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਆਨਲਾਈਨ ਮੋਡ ਰਾਹੀਂ ਭਰਿਆ ਜਾ ਸਕਦਾ ਹੈ, ਅਰਜ਼ੀ ਫਾਰਮ ਕਿਸੇ ਹੋਰ ਤਰੀਕੇ ਨਾਲ ਸਵੀਕਾਰ ਨਹੀਂ ਕੀਤੇ ਜਾਣਗੇ। ਅਰਜ਼ੀ ਦੇ ਨਾਲ ਸ਼੍ਰੇਣੀ ਅਨੁਸਾਰ ਨਿਰਧਾਰਤ ਫੀਸ ਜਮ?ਹਾ ਕਰਵਾਉਣੀ ਜ਼ਰੂਰੀ ਹੋਵੇਗੀ। ਜਨਰਲ ਸ਼੍ਰੇਣੀ ਲਈ ਅਰਜ਼ੀ ਫੀਸ 1150 ਰੁਪਏ, ਐਸਸੀ/ਐਸਟੀ/ਬੀਸੀ/ਓਬੀਸੀ (ਸਿਰਫ਼ ਪੰਜਾਬ ਰਾਜ) ਸ਼੍ਰੇਣੀ ਲਈ 650 ਰੁਪਏ ਅਤੇ ਪੰਜਾਬ ਦੇ ਸਾਬਕਾ ਸੈਨਿਕਾਂ ਲਈ 500 ਰੁਪਏ ਹੈ। ਅਰਜ਼ੀ ਫੀਸ ਦਾ ਭੁਗਤਾਨ ਆਨਲਾਈਨ ਮੋਡ ਰਾਹੀਂ ਕੀਤਾ ਜਾ ਸਕਦਾ ਹੈ।

## ਸੁਨੀਲ ਸ਼ੈੱਟੀ ਨੇ ਮਹਾਕੁੰਭ'ਚ ਲਾਈ ਡੁਬਕੀ

ਐਂਟਰਟੇਨਮੈਂਟ ਡੈਸਕ 13 ਫਰਵਰੀ। ਬਾਲੀਵੁੱਡ ਅਦਾਕਾਰ ਸੁਨੀਲ ਸ਼ੈੱਟੀ ਨੇ ਮਹਾਕੁੰਭ ਵਿੱਚ ਪਵਿੱਤਰ ਡੁਬਕੀ ਲਗਾਈ ਹੈ। ਪ੍ਰਯਾਗਰਾਜ ਦੇ ਸੰਗਮ ਪਹੁੰਚਣ ਤੋਂ ਬਾਅਦ ਸੁਨੀਲ ਸ਼ੈੱਟੀ ਨੇ ਇਸ਼ਨਾਨ ਕੀਤਾ ਅਤੇ ਇਸ ਪਲ ਨੂੰ ਬ੍ਰਹਮ ਦੱਸਿਆ। ਇਸ ਸਮੇਂ ਦੌਰਾਨ ਸੁਨੀਲ ਸ਼ੈੱਟੀ ਮਹਾਕੁੰਭ ??ਦੀ ਸ਼ਾਨ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਦਿਖਾਈ ਦਿੱਤੇ। ਉਨ੍ਹਾਂ ਕਿਹਾ ਕਿ ਮਹਾਕੁੰਭ ??ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੂੰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ



ਉਨ੍ਹਾਂ ਨੇ ਅੱਜ ਸੱਚਮੁੱਚ ਗੰਗਾ ਵਿੱਚ ਇਸ਼ਨਾਨ ਕੀਤਾ ਹੋਵੇ। ਮਹਾਕੁੰਭ ??ਵਿੱਚ ਡੁਬਕੀ ਲਗਾਉਣ ਤੋਂ ਬਾਅਦ ਸੁਨੀਲ ਸ਼ੈੱਟੀ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮੇਲੇ ਦੇ ਪ੍ਰਬੰਧਾਂ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ। ਸੁਨੀਲ ਸ਼ੈੱਟੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਅਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਹੇਠ ਮਹਾਕੁੰਭ ??ਵਿੱਚ ਕਰੋੜਾਂ ਸ਼ਰਧਾਲੂਆਂ ਲਈ ਕੀਤੇ ਗਏ ਪ੍ਰਬੰਧਾਂ ਦੀ ਵਾਰ-ਵਾਰ ਪ੍ਰਸ਼ੰਸਾ ਕਰਦੇ ਦੇਖਿਆ ਗਿਆ। ਸੁਨੀਲ ਸ਼ੈੱਟੀ ਨੇ ਮਹਾਕੁੰਭ ??ਖੇਤਰ ਦੇ ਸੈਕਟਰ 24 ਵਿੱਚ ਨੰਦੀ ਸੇਵਾ ਸੰਸਥਾਨ ਕੈਂਪ ਵਿੱਚ ਬਹੁਤ ਸਮਾਂ ਬਿਤਾਇਆ। ਇੱਥੇ ਉਹ ਉੱਤਰ ਪ੍ਰਦੇਸ਼ ਸਰਕਾਰ ਦੇ ਉਦਯੋਗਿਕ ਵਿਕਾਸ ਮੰਤਰੀ ਨੰਦ ਗੋਪਾਲ ਗੁਪਤਾ ਨੰਦੀ ਅਤੇ ਹੋਰ ਲੋਕਾਂ ਨਾਲ ਮਿਲੇ। ਸੁਨੀਲ ਸ਼ੈੱਟੀ ਨੇ ਨੰਦੀ ਸੇਵਾ ਸੰਸਥਾਨ ਦੇ ਕੈਂਪ ਵਿੱਚ ਮੰਤਰੀ ਨੰਦੀ ਅਤੇ ਉਨ੍ਹਾਂ ਦੀ ਪੂਰੀ ਟੀਮ ਨਾਲ ਸ਼ੁੱਧ ਇਲਾਹਾਬਾਦੀ ਭੋਜਨ ਵੀ ਖਾਧਾ। ਸੁਨੀਲ ਸ਼ੈੱਟੀ ਨੇ ਕਿਹਾ, 'ਮਹਾਕੁੰਭ ਲਈ ਕੀਤੇ ਗਏ ਪ੍ਰਬੰਧ ਸ਼ਾਨਦਾਰ ਅਤੇ ਬ੍ਰਹਮ ਹਨ। ਕਰੋੜਾਂ ਲੋਕਾਂ ਦਾ ਆਉਣਾ ਅਤੇ ਮਾਂ ਗੰਗਾ, ਯਮੁਨਾ ਅਤੇ ਸਰਸਵਤੀ ਦੇ ਸੰਗਮ ਵਿੱਚ ਪਵਿੱਤਰ ਡੁਬਕੀ ਲਗਾਉਣਾ ਸੱਚਮੁੱਚ ਸਨਾਤਨ ਦੀ ਸ਼ਕਤੀ ਹੈ। ਅਦਾਕਾਰ ਨੇ ਅੱਗੇ ਕਿਹਾ, 'ਹਰ ਘੰਟੇ, ਲੱਖਾਂ ਲੋਕ ਇਸ਼ਨਾਨ ਕਰਦੇ ਹਨ ਅਤੇ ਚਲੇ ਜਾਂਦੇ ਹਨ, ਅਜਿਹਾ ਸਿਸਟਮ ਕਿਤੇ ਵੀ ਨਹੀਂ ਹੋ ਸਕਦਾ।' ਮਹਾਕੁੰਭ ??ਵਿੱਚ ਆਉਣਾ ਅਤੇ ਗੰਗਾ ਵਿੱਚ ਡੁਬਕੀ ਲਗਾਉਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਪਲ ਹੈ।

# ਮੁੱਖ ਮੰਤਰੀ ਦੇ ਅਸਤੀਫੇ ਮਗਰੋਂ ਮਣੀਪੁਰ 'ਚ ਰਾਸ਼ਟਰਪਤੀ ਰਾਜ ਲਾਗੂ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 13 ਫਰਵਰੀ। ਮਣੀਪੁਰ ਵਿੱਚ ਮੁੱਖ ਮੰਤਰੀ ਦੇ ਅਹੁਦੇ ਤੋਂ ਬੀਰੇਨ ਸਿੰਘ ਦੇ ਅਸਤੀਫ਼ੇ ਤੋਂ ਬਾਅਦ, ਹੁਣ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਹੈ। ਦੱਸ ਦੇਈਏ ਕਿ ਮੇਈਤੇਈ ਅਤੇ ਕੁਕੀ ਭਾਈਚਾਰਿਆਂ ਵਿਚਕਾਰ ਹਿੰਸਾ ਕਾਰਨ ਮਣੀਪੁਰ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਗੰਭੀਰ ਬਣੀ ਹੋਈ ਹੈ। ਐਤਵਾਰ ਨੂੰ ਬੀਰੇਨ ਸਿੰਘ ਨੇ ਰਾਜਪਾਲ ਅਜੈ ਕੁਮਾਰ ਭੱਲਾ ਨਾਲ ਮੁਲਾਕਾਤ ਕੀਤੀ ਅਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਨਵੇਂ ਮੁੱਖ ਮੰਤਰੀ ਦੇ ਨਾਮ ਨੂੰ ਅੰਤਿਮ ਰੂਪ ਦੇਣ ਲਈ ਭਾਜਪਾ ਨੇਤਾਵਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮਣੀਪੁਰ ਦੇ ਇੰਚਾਰਜ ਸੰਬਿਤ ਪਾਤਰਾ ਸੀਨੀਅਰ ਭਾਜਪਾ ਨੇਤਾਵਾਂ ਨਾਲ ਮੀਟਿੰਗ ਕਰ ਰਹੇ ਸਨ। ਹਾਲਾਂਕਿ, ਹੁਣ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਹੈ। ਸੰਵਿਧਾਨ ਦੀ ਧਾਰਾ 174(1) ਅਨੁਸਾਰ ਰਾਜ ਵਿਧਾਨ ਸਭਾਵਾਂ ਨੂੰ ਆਪਣੀ ਆਖਰੀ ਮੀਟਿੰਗ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਬੁਲਾਉਣਾ ਜ਼ਰੂਰੀ ਹੈ। ਮਣੀਪੁਰ ਵਿੱਚ ਆਖਰੀ ਵਿਧਾਨ ਸਭਾ ਸੈਸ਼ਨ 12 ਅਗਸਤ 2024 ਨੂੰ ਬੁਲਾਇਆ ਗਿਆ ਸੀ ਪਰ ਕੱਲ੍ਹ ਯਾਨੀ ਬੁੱਧਵਾਰ ਨੂੰ ਵਿਧਾਨ ਸਭਾ ਸੈਸ਼ਨ ਬੁਲਾਉਣ ਦੀ ਆਖਰੀ ਮਿਤੀ ਖਤਮ ਹੋ ਗਈ। ਹਾਲਾਂਕਿ,



ਰਾਜਪਾਲ ਅਜੈ ਭੱਲਾ ਨੇ ਐਤਵਾਰ ਨੂੰ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਦੇ ਅਸਤੀਫ਼ੇ ਤੋਂ ਬਾਅਦ ਸੋਮਵਾਰ ਤੋਂ ਸ਼ੁਰੂ ਹੋਣ ਵਾਲਾ ਬਜਟ ਸੈਸ਼ਨ ਮੁਲਤਵੀ ਕਰ ਦਿੱਤਾ। ਬੀਰੇਨ ਸਿੰਘ ਨੇ ਆਪਣੀ ਸਰਕਾਰ ਦੇ ਬੇਭਰੋਸਗੀ ਮਤੇ ਅਤੇ ਇੱਕ ਮਹੱਤਵਪੂਰਨ ਫਲੋਰ ਟੈਸਟ ਦਾ ਸਾਹਮਣਾ ਕਰਨ ਤੋਂ ਇੱਕ ਦਿਨ ਪਹਿਲਾਂ ਹੀ ਅਸਤੀਫਾ ਦੇ ਦਿੱਤਾ, ਜਿਸ ਨਾਲ ਰਾਜਨੀਤਿਕ ਟਕਰਾਅ ਦੀ ਸੰਭਾਵਨਾ ਟਲ ਗਈ। ਉਨ੍ਹਾਂ ਦਾ ਅਸਤੀਫ਼ਾ ਮਈ 2023 ਵਿੱਚ ਮਣੀਪੁਰ ਵਿੱਚ ਨਸਲੀ ਹਿੰਸਾ ਭੜਕਣ ਤੋਂ ਲਗਭਗ ਦੋ ਸਾਲ ਬਾਅਦ ਅਤੇ ਵਿਰੋਧੀ ਧਿਰ ਦੇ ਵਧਦੇ ਦਬਾਅ ਦੇ ਵਿਚਕਾਰ ਆਇਆ, ਜੋ ਲਗਾਤਾਰ ਉਨ੍ਹਾਂ ਨੂੰ ਹਟਾਉਣ ਦੀ ਮੰਗ ਕਰ ਰਿਹਾ ਸੀ। ਕਾਂਗਰਸ ਨੇ ਸੋਮਵਾਰ ਨੂੰ ਦੋਸ਼ ਲਗਾਇਆ ਕਿ ਵਿਧਾਨ ਸਭਾ ਵਿੱਚ ਕਾਂਗਰਸ ਦੇ ਯੋਜਨਾਬੱਧ ਅਵਿਸ਼ਵਾਸ ਪ੍ਰਸਤਾਵ ਤੋਂ ਪਹਿਲਾਂ ਮਣੀਪੁਰ ਦੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਦਾ ਅਸਤੀਫਾ ਮਣੀਪੁਰ ਦੇ ਲੋਕਾਂ ਨੂੰ ਬਚਾਉਣ ਲਈ ਨਹੀਂ ਸਗੋਂ ਭਾਜਪਾ ਨੂੰ ਬਚਾਉਣ ਲਈ ਸੀ ਕਿਉਂਕਿ ਨਸਲੀ ਹਿੰਸਾ ਲਗਭਗ ਦੋ ਸਾਲਾਂ ਤੋਂ ਜਾਰੀ ਹੈ। ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਇਹ ਫੈਸਲਾ ਬਹੁਤ ਦੇਰ ਨਾਲ ਲਿਆ ਗਿਆ ਪਰ ਲੋਕ ਸਭਾ ਵਿੱਚ ਕਾਂਗਰਸ ਦੇ ਉਪ ਆਗੂ ਗੌਰਵ ਗੋਗੋਈ ਨੇ ਦੋਸ਼ ਲਾਇਆ ਕਿ ਭਾਜਪਾ ਕੋਲ ਉੱਤਰ-ਪੂਰਬੀ ਸੂਬੇ ਵਿੱਚ ਸ਼ਾਂਤੀ ਬਹਾਲ ਕਰਨ ਲਈ ਕੋਈ ਰੋਡਮੈਪ ਨਹੀਂ ਹੈ।

## ਭਾਰਤ ਅਮਰੀਕੀ ਏਜੰਸੀਆਂ ਨੂੰ ਸੌਂਪੇਗਾ 12 ਗੈਂਗਸਟਰਾਂ ਦੀ ਸੂਚੀ !

ਵੈੱਬ ਡੈਸਕ 13 ਫਰਵਰੀ। ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਭਾਰਤ ਦੀਆਂ ਚੋਟੀ ਦੀਆਂ ਸੁਰੱਖਿਆ ਏਜੰਸੀਆਂ ਨੇ 12 ਗੈਂਗਸਟਰਾਂ ਦੀ ਸੂਚੀ ਤਿਆਰ ਕੀਤੀ ਹੈ ਜੋ ਅਮਰੀਕਾ ਵਿੱਚ ਸੈਟਲ ਹਨ। ਇੰਡੀਅਨ ਐਕਸਪ੍ਰੈਸ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਭਾਰਤ ਇਸ ਹਫ਼ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਵਾਸ਼ਿੰਗਟਨ ਵਿੱਚ ਸਬੰਧਤ ਅਧਿਕਾਰੀਆਂ ਨਾਲ 12 ਗੈਂਗਸਟਰਾਂ ਦੀ ਇਹ ਸੂਚੀ ਸਾਂਝੀ ਕਰ ਸਕਦਾ ਹੈ। ਡੋਨਾਲਡ ਟਰੰਪ ਦੇ ਓਵਲ ਦਫ਼ਤਰ ਵਾਪਸ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਦਾ ਇਹ ਅਮਰੀਕੀ ਦੌਰਾ ਉਨ੍ਹਾਂ ਦਾ ਪਹਿਲਾ ਦੌਰਾ ਹੈ। ਰਿਪੋਰਟ ਦੇ ਅਨੁਸਾਰ, ਭਾਰਤੀ ਸੁਰੱਖਿਆ ਏਜੰਸੀਆਂ ਦੁਆਰਾ ਤਿਆਰ ਕੀਤੀ ਗਈ ਸੂਚੀ ਵਿੱਚ ਅਨਮੋਲ ਬਿਸ਼ਨੋਈ ਅਤੇ ਗੋਲਡੀ ਬਰਾੜ ਸਮੇਤ ਕਈ ਬਦਨਾਮ ਅਪਰਾਧੀਆਂ ਦੇ ਨਾਮ ਸ਼ਾਮਲ ਕੀਤੇ ਗਏ ਹਨ। ਸੂਤਰਾਂ ਅਨੁਸਾਰ, ਕੇਂਦਰੀ ਏਜੰਸੀਆਂ ਕੋਲ ਪਹਿਲਾਂ ਹੀ ਉਨ੍ਹਾਂ ਅਪਰਾਧੀਆਂ ਦੀ ਸੂਚੀ ਸੀ ਜੋ ਵਿਦੇਸ਼ ਭੱਜ ਗਏ ਸਨ, ਪਰ ਕੁਝ ਹਫ਼ਤੇ ਪਹਿਲਾਂ ਉਨ੍ਹਾਂ ਨੂੰ ਖਾਸ ਤੌਰ 'ਤੇ ਅਮਰੀਕਾ ਭੱਜ ਗਏ ਅਪਰਾਧੀਆਂ ਅਤੇ ਉਨ੍ਹਾਂ ਵਿਰੁੱਧ ਦਰਜ ਮਾਮਲਿਆਂ ਨਾਲ ਸਬੰਧਤ ਇੱਕ ਸੂਚੀ ਤਿਆਰ ਕਰਨ ਲਈ ਕਿਹਾ ਗਿਆ ਸੀ। ਇੰਡੀਅਨ ਐਕਸਪ੍ਰੈਸ ਦੇ ਸੂਤਰ ਨੇ ਕਿਹਾ, "ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਤੋਂ ਬਾਅਦ, 12 ਅਪਰਾਧੀਆਂ ਦੇ ਨਾਵਾਂ ਦੀ ਸੂਚੀ ਉਨ੍ਹਾਂ ਦੇ ਅਪਰਾਧਿਕ ਡੋਜ਼ੀਅਰਾਂ ਸਮੇਤ ਤਿਆਰ ਕੀਤੀ ਗਈ ਸੀ। ਇਸ ਤੋਂ ਇਲਾਵਾ, ਭਾਰਤੀ ਏਜੰਸੀਆਂ ਵੱਲੋਂ ਉਨ੍ਹਾਂ ਸਾਰੇ ਅਪਰਾਧੀਆਂ ਨੂੰ ਭਾਰਤ ਵਾਪਸ ਲਿਆਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਇੱਕ ਨੋਟ ਵੀ ਨੱਥੀ ਕੀਤਾ ਗਿਆ ਹੈ। ਉਨ੍ਹਾਂ ਕਿਹਾ, ÷ਭਾਰਤੀ ਏਜੰਸੀਆਂ ਨੂੰ ਉਮੀਦ ਹੈ ਕਿ ਇਸ ਮੁੱਦੇ 'ਤੇ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਨਾਲ ਇੱਕ ਸੁਚਾਰੂ ਗੱਲਬਾਤ ਹੋਵੇਗੀ, ਜਿਸ ਨਾਲ ਅਮਰੀਕਾ ਤੋਂ ਦੇਸ਼ ਨਿਕਾਲਾ ਖਤਮ ਹੋ ਸਕਦਾ ਹੈ।÷ ਪਹਿਲਾਂ ਲਾਏ ਕੱਪੜੇ ਤੇ ਫਿਰ ਪ੍ਰਾਈਵੇਟ ਪਾਰਟ 'ਤੇ ਲਟਕਾ'ਤਾ ਡੰਬਲ!

## ਕਾਂਗਰਸ ਨੇਤਾ ਦੇ ਵਿਗੜੇ ਬੋਲ, ਕਿਹਾ- 'ਜੇ ਨਦੀ 'ਚ ਨਹਾਉਣ ਨਾਲ ਪਾਪ ਧੋਤੇ ਜਾਂਦੇ ਹਨ

ਬੀਕਾਨੇਰ 13 ਫਰਵਰੀ। ਕਾਂਗਰਸ ਨੇਤਾ ਅਤੇ ਸਾਬਕਾ ਮੰਤਰੀ ਗੋਵਿੰਦ ਰਾਮ ਮੇਘਵਾਲ ਇਕ ਵਾਰ ਫਿਰ ਆਪਣੇ ਬਿਆਨ ਨੂੰ ਲੈ ਕੇ ਸੁਰਖੀਆਂ 'ਚ ਹਨ। ਇਸ ਵਾਰ ਉਨ੍ਹਾਂ ਨੇ ਭਾਰਤ ਦੀਆਂ ਸਭ ਤੋਂ ਵੱਡੀਆਂ ਧਾਰਮਿਕ ਪ੍ਰੰਪਰਾਵਾਂ 'ਚੋਂ ਇਕ ਕੁੰਭ ਇਸ਼ਨਾਨ 'ਤੇ ਵਿਵਾਦਿਤ ਟਿੱਪਣੀ ਕੀਤੀ ਹੈ। ਮੇਘਵਾਲ ਨੇ ਕੁੰਭ ਇਸ਼ਨਾਨ ਦੀ ਪ੍ਰੰਪਰਾ ਨੂੰ ਲੈ ਕੇ ਵਿਅੰਗ ਕਸਦਿਆਂ ਕਿਹਾ ਕਿ ਮੈਂ ਦੁਨੀਆ 'ਚ ਭਾਰਤ ਪਹਿਲਾ ਦੇਸ਼ ਵੇਖਿਆ ਹੈ, ਜਿੱਥੇ ਨਦੀ 'ਚ ਨਹਾਉਣ ਨਾਲ ਪਾਪ



ਧੋਤੇ ਜਾਂਦੇ ਹਨ। ਯੂ. ਪੀ. ਦੇ ਮੁੱਖ ਮੰਤਰੀ ਕਹਿੰਦੇ ਹਨ ਕਿ ਕੁੰਭ ਦੇ ਸਾਰੇ ਪ੍ਰਬੰਧ ਕਰ ਦਿੱਤੇ ਗਏ ਹਨ, ਲੋਕ ਲੱਖਾਂ ਦੀ ਗਿਣਤੀ 'ਚ ਇਸ਼ਨਾਨ ਲਈ ਪੁੱਜਦੇ ਹਨ। ਉੱਥੇ ਹੀ ਭਾਜੜ ਮਚਦੀ ਹੈ ਜਿਸ 'ਚ ਹਜ਼ਾਰਾਂ ਸ਼ਰਧਾਲੂ ਮਾਰੇ ਜਾਂਦੇ ਹਨ। ਉਨ੍ਹਾਂ ਸਰਕਾਰ 'ਤੇ ਵਿਅੰਗ ਕਸਦਿਆਂ ਕਿਹਾ ਕਿ ਜੇ ਨਦੀ 'ਚ ਇਸ਼ਨਾਨ ਕਰਨ ਨਾਲ ਪਾਪ ਧੋਤੇ ਜਾਂਦੇ ਹਨ, ਤਾਂ ਜੇਲ੍ਹਾਂ 'ਚ ਬੰਦ ਸਾਰੇ ਕੈਦੀਆਂ ਨੂੰ ਕੁੰਭ 'ਚ ਇਸ਼ਨਾਨ ਕਰਵਾ ਕੇ ਛੱਡ ਦੇਣਾ ਚਾਹੀਦਾ ਹੈ। ਮੇਘਵਾਲ ਦਾ ਇਹ ਬਿਆਨ ਨਾ ਸਿਰਫ ਧਾਰਮਿਕ ਆਸਥਾਵਾਂ ਨੂੰ ਸੱਟ ਪਹੁੰਚਾਉਂਦਾ ਦਿਸਿਆ, ਸਗੋਂ ਇਸ ਨੇ ਸਿਆਸੀ ਗਲਿਆਰਿਆਂ 'ਚ ਵੀ ਹਲਚਲ ਮਚਾ ਦਿੱਤੀ ਹੈ। ਮੇਘਵਾਲ ਘੜਸਾਨਾ 'ਚ ਪਾਣੀ ਦੀ ਮੰਗ ਨੂੰ ਲੈ ਕੇ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਸੰਬੋਧਨ ਕਰ ਰਹੇ ਸਨ। ਮੇਘਵਾਲ ਨੇ ਇਸ ਮੁੱਦੇ ਨੂੰ ਅੱਗੇ ਵਧਾਉਂਦੇ ਹੋਏ ਰਾਜਸਥਾਨ ਦੀ ਭਜਨ ਲਾਲ ਸਰਕਾਰ ਨੂੰ ਵੀ ਲੰਮੇਂ ਹੱਥੀਂ ਲਿਆ। ਉਨ੍ਹਾਂ ਪ੍ਰਯਾਗਰਾਜ 'ਚ ਕੁੰਭ ਇਸ਼ਨਾਨ ਕਰਨ ਗਏ ਮੰਤਰੀਆਂ 'ਤੇ ਵਿਅੰਗ ਕਸਦਿਆਂ ਕਿਹਾ ਕਿ ਜਦੋਂ ਸਰਕਾਰ ਦੇ ਸਾਰੇ ਮੰਤਰੀ ਕੁੰਭ 'ਚ ਡੁਬਕੀ ਲਾ ਰਹੇ ਹਨ, ਤਾਂ ਉਦੋਂ ਕਿਸਾਨ ਪਾਣੀ ਲਈ ਸੰਘਰਸ਼ ਕਰ ਰਿਹਾ ਹੈ। ਇਸ ਬਿਆਨ ਰਾਹੀਂ ਉਨ੍ਹਾਂ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਧਾਰਮਿਕ ਕਰਮ ਕਾਂਡਾਂ 'ਚ ਰੁੱਝੀ ਹੈ, ਜਦੋਂ ਕਿ ਜਨਤਾ ਦੀਆਂ ਅਸਲ ਸਮੱਸਿਆਵਾਂ 'ਤੇ ਧਿਆਨ ਨਹੀਂ ਦਿੱਤਾ ਜਾ ਰਿਹਾ।

# ਹੁਣ ਆਮ ਆਦਮੀ ਪਾਰਟੀ ਲਈ ਆਸਾਨ ਨਹੀਂ ਹੋਵੇਗਾ ਦਿੱਲੀ 'ਚ ਮੇਅਰ ਦੀ ਚੋਣ ਜਿੱਤਣਾ

**ਤੇਜਿੰਦਰ ਕੌਰ ਬੱਬਰ**

ਜਲੰਧਰ 13 ਫਰਵਰੀ। ਦਿੱਲੀ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਜਿੱਤ ਤੋਂ ਬਾਅਦ ਹੁਣ ਐੱਮ. ਸੀ. ਡੀ. 'ਚ ਵੀ ਸੱਤਾ ਸਮੀਕਰਨ ਬਦਲ ਗਏ ਹਨ ਅਤੇ ਅਪ੍ਰੈਲ 'ਚ ਹੋਣ ਵਾਲੀਆਂ ਦਿੱਲੀ ਮੇਅਰ ਚੋਣਾਂ ਦੌਰਾਨ ਜਿੱਤ ਹਾਸਲ ਕਰਨਾ ਆਮ ਆਦਮੀ ਪਾਰਟੀ ਲਈ ਆਸਾਨ ਨਹੀਂ ਹੋਵੇਗਾ। ਦਰਅਸਲ ਦਿੱਲੀ ਨਗਰ ਨਿਗਮ ਦੇ 11 ਕੌਂਸਲਰਾਂ ਨੇ ਹੁਣ ਵਿਧਾਇਕ ਦੀਆਂ ਚੋਣਾਂ ਜਿੱਤ ਲਈਆਂ ਹਨ। ਇਨ੍ਹਾਂ 'ਚੋਂ 8 ਕੌਂਸਲਰ ਭਾਰਤੀ ਜਨਤਾ ਪਾਰਟੀ ਦੇ ਹਨ, ਜਦਕਿ 3 ਕੌਂਸਲਰ ਆਮ ਆਦਮੀ ਪਾਰਟੀ ਦੇ ਹਨ। ਦਿੱਲੀ ਨਗਰ ਨਿਗਮ ਵਿਚ ਕੁੱਲ੍ਹ ਮੈਂਬਰਾਂ ਦੀ ਗਿਣਤੀ 250 ਹੈ। ਇਨ੍ਹਾਂ ਤੋਂ ਇਲਾਵਾ ਦਿੱਲੀ ਦੇ 7 ਸੰਸਦ ਮੈਂਬਰ, 3 ਰਾਜ ਸਭਾ ਮੈਂਬਰ ਅਤੇ 14 ਵਿਧਾਇਕ ਵੀ ਦਿੱਲੀ ਦੇ ਮੇਅਰ ਦੀਆਂ ਚੋਣਾਂ ਦੌਰਾਨ ਵੋਟ ਪਾਉਂਦੇ ਹਨ। ਪਿਛਲੇ ਸਾਲ ਨਵੰਬਰ 'ਚ ਹੋਈਆਂ ਮੇਅਰ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਦੇ ਮਹੇਸ਼ ਖਿਚੀ ਨੇ ਭਾਜਪਾ ਦੇ ਕ੍ਰਿਸ਼ਨ ਲਾਲ ਨੂੰ 3 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਸੀ। ਇਸ ਦੌਰਾਨ ਕਾਂਗਰਸ ਦੇ 8 ਮੈਂਬਰਾਂ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ, ਜਿਸ ਨਾਲ ਆਮ ਆਦਮੀ ਪਾਰਟੀ ਲਈ ਜਿੱਤ ਦਾ ਰਸਤਾ ਆਸਾਨ ਹੋ ਗਿਆ। ਭਾਜਪਾ ਸੂਤਰਾਂ ਅਨੁਸਾਰ ਦਿੱਲੀ ਵਿਚ ਸਰਕਾਰ ਬਣਨ ਤੋਂ ਬਾਅਦ ਹੀ ਭਾਜਪਾ ਐੱਮ. ਸੀ. ਡੀ. 'ਚ ਮੇਅਰ ਖ਼?ਲਾਫ਼ ਬੇਭਰੋਸਗੀ ਮਤਾ ਲਿਆ ਸਕਦੀ ਹੈ। ਭਾਜਪਾ ਕੋਲ ਨਗਰ ਨਿਗਮ 'ਚ 120 ਮੈਂਬਰ ਸਨ ਅਤੇ ਉਸ ਦੇ 8 ਮੈਂਬਰ ਵਿਧਾਇਕ ਬਣਨ ਤੋਂ ਬਾਅਦ ਹੁਣ ਉਸ ਦੇ 112 ਮੈਂਬਰ ਰਹਿ ਗਏ ਹਨ, ਜਦਕਿ 3



ਮੈਂਬਰਾਂ ਦੇ ਵਿਧਾਇਕ ਬਣਨ ਤੋਂ ਬਾਅਦ ਆਮ ਆਦਮੀ ਪਾਰਟੀ ਕੋਲ ਅਜੇ ਵੀ 119 ਮੈਂਬਰ ਹਨ, ਜਦਕਿ 8 ਮੈਂਬਰ ਕਾਂਗਰਸ ਦੇ ਹਨ। ਕੁੱਲ੍ਹ 239 ਮੈਂਬਰਾਂ 'ਚੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੂੰ ਮਿਲਾ ਕੇ 127 ਕੌਂਸਲਰ ਹਨ। ਜੇ ਇਹ ਦੋਵੇਂ ਇਕੱਠੇ ਲੜਦੇ ਹਨ ਤਾਂ ਹੁਣ ਵੀ ਆਮ ਆਦਮੀ ਪਾਰਟੀ ਨੂੰ ਮੇਅਰ ਚੁਣਨ 'ਚ ਕੋਈ ਮੁਸ਼ਕਿਲ ਨਹੀਂ ਆਉਣੀ ਚਾਹੀਦੀ ਪਰ ਭਾਜਪਾ ਦੇ ਦਿੱਲੀ ਵਿਚ 7 ??ਲੋਕ ਸਭਾ ਮੈਂਬਰ ਵੀ ਹਨ। ਇਨ੍ਹਾਂ ਨੂੰ ਜੋੜਨ ਨਾਲ ਭਾਜਪਾ ਦੀਆਂ ਵੋਟਾਂ ਦੀ ਗਿਣਤੀ 119 ਹੋ ਜਾਵੇਗੀ, ਜਦਕਿ ਜੇ ਅਸੀਂ ਆਮ ਆਦਮੀ ਪਾਰਟੀ ਦੇ 3 ਰਾਜ ਸਭਾ ਮੈਂਬਰਾਂ ਦੀਆਂ ਵੋਟਾਂ ਜੋੜੀਏ ਤਾਂ ਇਸ ਦੀਆਂ 122 ਵੋਟਾਂ ਹੋਣਗੀਆਂ ਅਤੇ ਕਾਂਗਰਸ ਦੀਆਂ ਵੋਟਾਂ ਜੋੜਨ ਨਾਲ ਇਸ ਦੀਆਂ ਵੋਟਾਂ 130 ਹੋ ਜਾਣਗੀਆਂ। ਪਰ ਇਸ ਦਰਮਿਆਨ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵਿਧਾਨ ਸਭਾ ਦੇ 70 ਵਿਧਾਇਕਾਂ 'ਚੋਂ 14 ਵਿਧਾਇਕ ਵੀ ਵੋਟ ਪਾਉਣਗੇ, ਇਹ ਵਿਧਾਇਕ ਵੀ ਭਾਜਪਾ ਦੇ ਹੋਣਗੇ। ਇਨ੍ਹਾਂ ਸਾਰਿਆਂ ਨੂੰ ਜੋੜਨ 'ਤੇ ਭਾਜਪਾ ਦੀ ਗਿਣਤੀ 133 ਤੱਕ ਪਹੁੰਚ ਜਾਵੇਗੀ ਅਤੇ ਜੇ ਕਾਂਗਰਸ ਆਮ ਆਦਮੀ ਪਾਰਟੀ ਦਾ ਸਮਰਥਨ ਵੀ ਕਰਦੀ ਹੈ ਤਾਂ ਵੀ ਉਸ ਲਈ ਮੇਅਰ ਦਾ ਅਹੁਦਾ ਬਚਾਉਣਾ ਮੁਸ਼ਕਿਲ ਹੋ ਜਾਵੇਗਾ। ਨਗਰ ਨਿਗਮ ਚੋਣਾਂ 'ਚ ਦਲ-ਬਦਲੀ ਵਿਰੋਧੀ ਕਾਨੂੰਨ ਲਾਗੂ ਨਹੀਂ ਹੁੰਦਾ ਅਤੇ ਜੇ ਭਾਜਪਾ ਨੇ ਚੰਡੀਗੜ੍ਹ ਵਾਲੇ ਫਾਰਮੂਲੇ ਅਨੁਸਾਰ ਕਾਂਗਰਸੀ ਮੈਂਬਰਾਂ ਦੀ ਕ੍ਰਾਸ ਵੋਟ ਕਰਵਾ ਦਿੱਤੀ ਤਾਂ ਭਾਜਪਾ ਦੀ ਜਿੱਤ ਦਾ ਫਰਕ ਵੱਡਾ ਹੋ ਜਾਵੇਗਾ।

# ਆਮ ਲੋਕਾਂ ਨੂੰ ਲੱਗੇਗਾ ਝਟਕਾ, ਬਿਸਕੁੱਟ ਤੋਂ ਲੈ ਕੇ ਫੋਨ ਟੈਰਿਫ ਤੱਕ ਹੋ ਸਕਦੇ ਹਨ ਮਹਿੰਗੇ

ਨੈਸ਼ਨਲ ਡੈਸਕ 13 ਫਰਵਰੀ। ਆਮਦਨ ਕਰ 'ਚ ਵੱਡੀ ਰਾਹਤ ਅਤੇ ਕਰਜ਼ਿਆਂ 'ਤੇ ਘੱਟ ਕਿਸ਼ਤਾਂ ਦੀਆਂ ਉਮੀਦਾਂ ਦੇ ਉਲਟ ਆਮ ਲੋਕਾਂ ਨੂੰ ਝਟਕਾ ਲੱਗ ਸਕਦਾ ਹੈ। ਬਿਸਕੁੱਟ ਤੋਂ ਲੈ ਕੇ ਫੋਨ ਦੇ ਟੈਰਿਫ ਤੱਕ ਮਹਿੰਗੇ ਹੋ ਸਕਦੇ ਹਨ। ਦੋਵਾਂ ਸੈਕਟਰਾਂ ਦੀਆਂ ਦੋ ਵੱਡੀਆਂ ਕੰਪਨੀਆਂ ਨੇ ਅਜਿਹਾ ਸੰਕੇਤ ਦਿੱਤਾ ਹੈ। ਬ੍ਰਿਟਾਨੀਆ ਇੰਡਸਟਰੀਜ਼ ਨੇ ਕਿਹਾ ਕਿ ਉਹ ਮੌਜੂਦਾ ਵਿੱਤੀ ਸਾਲ ਦੇ ਅੰਤ ਤੱਕ ਉਤਪਾਦਾਂ ਦੀਆਂ ਕੀਮਤਾਂ ਵਿੱਚ 4.5 ਫੀਸਦੀ ਤੱਕ ਦਾ ਵਾਧਾ ਕਰ ਸਕਦੀ ਹੈ। ਵਾਈਸ ਚੇਅਰਮੈਨ ਵਰੁਣ ਬੇਰੀ ਨੇ ਹਾਲ ਹੀ ਵਿੱਚ ਕੰਪਨੀ ਦੇ ਤੀਜੀ ਤਿਮਾਹੀ ਦੇ ਨਤੀਜਿਆਂ ਦੌਰਾਨ ਨਿਵੇਸ਼ਕਾਂ ਨੂੰ ਦੱਸਿਆ ਕਿ ਹਰ ਕੰਪਨੀ ਬਹੁਤ ਦੇਰ ਨਾਲ ਮੁੱਲ ਜੋੜਦੀ ਹੈ। ਸਭ ਨੂੰ ਯਾਦ ਹੈ ਕਿ ਇਹ ਮਹਿੰਗਾਈ ਦੂਰ ਹੋਣ ਵਾਲੀ ਨਹੀਂ ਹੈ। ਕੱਚੇ ਮਾਲ ਦੀਆਂ ਕੀਮਤਾਂ ਅਜੇ ਵੀ ਉੱਚੀਆਂ ਹਨ, ਜਿਸ ਨਾਲ ਕੰਪਨੀ ਦੇ ਹਾਸ਼ੀਏ 'ਤੇ ਅਸਰ ਪੈਂਦਾ ਹੈ। ਬੇਰੀ ਮੁਤਾਬਕ, ਕੀਮਤਾਂ ਦਾ ਸਮਾਯੋਜਨ ਲਗਾਤਾਰ ਮਹਿੰਗਾਈ ਵਾਲੇ ਮਾਹੌਲ ਵਿੱਚ ਹੁੰਦਾ ਹੈ, ਜਿਸ ਵਿੱਚ ਖੁਰਾਕੀ ਮਹਿੰਗਾਈ ਉੱਚੀ ਰਹਿੰਦੀ ਹੈ। ਜੇਕਰ ਮੌਜੂਦਾ ਤਿਮਾਹੀ 'ਤੇ ਨਜ਼ਰ ਮਾਰੀਏ ਤਾਂ ਖੁਰਾਕੀ ਮਹਿੰਗਾਈ ਦਰ ਦੋ ਅੰਕਾਂ ਤੋਂ ਉੱਪਰ ਰਹੀ ਹੈ। ਅਨਾਜ ਦੀਆਂ ਕੀਮਤਾਂ 6.5%, ਤੇਲ ਅਤੇ ਚਰਬੀ ਲਗਭਗ 15% ਅਤੇ ਸਬਜ਼ੀਆਂ ਅਤੇ ਫਲਾਂ ਦੀਆਂ ਕੀਮਤਾਂ 9% ਜਾਂ ਇਸ ਤੋਂ ਵੱਧ ਮਹਿੰਗੀਆਂ ਹੋ ਗਈਆਂ ਹਨ। ਇਸ ਕਾਰਨ ਸਾਰੇ ਉਤਪਾਦਾਂ ਦੀਆਂ ਕੀਮਤਾਂ



ਪ੍ਰਭਾਵਿਤ ਹੋ ਰਹੀਆਂ ਹਨ। ਇਸ ਲਈ ਇਸ ਦਾ ਕੁਝ ਬੋਝ ਗਾਹਕਾਂ 'ਤੇ ਵੀ ਪਵੇਗਾ। ਦਸੰਬਰ ਤਿਮਾਹੀ 'ਚ ਕੰਪਨੀ ਨੇ ਕੀਮਤਾਂ 'ਚ ਦੋ ਫੀਸਦੀ ਦਾ ਵਾਧਾ ਕੀਤਾ ਸੀ, ਜਿਸ ਨਾਲ ਮਾਲੀਆ 100 ਕਰੋੜ ਰੁਪਏ ਵਧਿਆ ਸੀ। ਫਾਸਟ ਮੂਵਿੰਗ ਕੰਜ਼ਿਊਮਰ ਗੁਡਸ (ਐੱਫ. ਐੱਮ .ਸੀ. ਜੀ.) ਕੰਪਨੀਆਂ ਵਸਤੂਆਂ ਦੀਆਂ ਕੀਮਤਾਂ 'ਚ ਉਤਰਾਅ-ਚੜ੍ਹਾਅ ਕਾਰਨ ਪ੍ਰੇਸ਼ਾਨ ਹਨ। ਸਾਬਣ, ਸ਼ੈਂਪੂ, ਡਿਟਰਜੈਂਟ, ਕਾਸਮੈਟਿਕਸ ਅਤੇ ਖਾਣ-ਪੀਣ ਦੀਆਂ ਵਸਤਾਂ ਵਿੱਚ ਵਰਤੇ ਜਾਣ ਵਾਲੇ ਕੱਚੇ ਪਾਮ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। 8"* ਦਾ ਕਹਿਣਾ ਹੈ ਕਿ ਦਸੰਬਰ ਤਿਮਾਹੀ 'ਚ ਪਾਮ ਆਇਲ ਦੀਆਂ ਕੀਮਤਾਂ 'ਚ ਸਾਲਾਨਾ ਆਧਾਰ 'ਤੇ 40 ਫੀਸਦੀ ਦਾ ਵਾਧਾ ਹੋਇਆ ਹੈ। ਚਾਹ ਦੀਆਂ ਕੀਮਤਾਂ 'ਚ 24 ਫੀਸਦੀ ਦਾ ਵਾਧਾ ਹੋਇਆ ਹੈ। ਇਸ ਕਾਰਨ ਐੱਚਯੂਐੱਲ ਅਤੇ ਗੋਦਰੇਜ ਵਰਗੀਆਂ ਕੰਪਨੀਆਂ ਨੇ ਪਿਛਲੇ ਸਮੇਂ ਵਿੱਚ ਵੀ ਆਪਣੇ ਉਤਪਾਦਾਂ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਹੈ। ਦੂਜੇ ਪਾਸੇ ਏਅਰਟੈੱਲ ਦੇ ਮੈਨੇਜਿੰਗ ਡਾਇਰੈਕਟਰ ਗੋਪਾਲ ਵਿੱਠਲ ਨੇ ਕਿਹਾ ਕਿ ਸੈਕਟਰ ਦੀ ਵਿੱਤੀ ਸਥਿਰਤਾ ਲਈ ਮੋਬਾਈਲ ਫੋਨ ਟੈਰਿਫ 'ਚ ਹੋਰ ਵਾਧਾ ਜ਼ਰੂਰੀ ਹੈ। ਤਿਮਾਹੀ ਨਤੀਜਿਆਂ ਤੋਂ ਬਾਅਦ ਨਿਵੇਸ਼ਕਾਂ ਨਾਲ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਪ੍ਰਤੀ ਗਾਹਕ ਕਮਾਈ ਅਜੇ ਵੀ ਦੁਨੀਆ ਦੇ ਮੁਕਾਬਲੇ ਬਹੁਤ ਘੱਟ ਪੱਧਰ 'ਤੇ ਬਣੀ ਹੋਈ ਹੈ। ਉਦਯੋਗ ਨੂੰ ਵਿੱਤੀ ਤੌਰ 'ਤੇ ਸਥਿਰ ਬਣਾਉਣ ਅਤੇ ਨਿਰੰਤਰ ਆਧਾਰ 'ਤੇ ਵਾਜਬ ਰਿਟਰਨ ਪ੍ਰਦਾਨ ਕਰਨ ਲਈ ਟੈਰਿਫ ਵਧਾਉਣ ਦੀ ਹੋਰ ਲੋੜ ਹੈ। ਏਅਰਟੈੱਲ ਸਮੇਤ ਲਗਭਗ ਸਾਰੀਆਂ ਟੈਲੀਕਾਮ ਕੰਪਨੀਆਂ ਨੇ ਪਿਛਲੇ ਸਾਲ ਜੁਲਾਈ 'ਚ ਟੈਰਿਫ 'ਚ 10 ਤੋਂ 21 ਫੀਸਦੀ ਦਾ ਵਾਧਾ ਕੀਤਾ ਸੀ। ਇਸ ਕਾਰਨ ਪ੍ਰਤੀ ਗਾਹਕ ਕਮਾਈ ਵਧੀ ਸੀ। ਏਅਰਟੈੱਲ ਦੀ ਪ੍ਰਤੀ ਗਾਹਕ ਕਮਾਈ ਹੁਣ 245 ਰੁਪਏ ਨੂੰ ਪਾਰ ਕਰ ਗਈ ਹੈ, ਜੋ ਇਕ ਸਾਲ ਪਹਿਲਾਂ 208 ਰੁਪਏ ਸੀ।

## ਰਾਹਗੀਰਾਂ ਕੋਲੋਂ ਲੁੱਟ-ਖੋਹ ਕਰਨ ਵਾਲੇ 2 ਲੋਕ ਹਥਿਆਰਾਂ ਸਮੇਤ ਗ੍ਰਿਫ਼ਤਾਰ

ਫਿਰੋਜ਼ਪੁਰ 13 ਫਰਵਰੀ। ਸੀ. ਆਈ. ਏ. ਸਟਾਫ਼ ਫਿਰੋਜ਼ਪੁਰ ਪੁਲਸ ਨੇ ਰਾਹਗੀਰਾਂ ਕੋਲੋਂ ਲੁੱਟ-ਖੋਹ ਕਰਨ ਵਾਲੇ 2 ਵਿਅਕਤੀਆਂ ਨੂੰ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਪਿਸਤੌਲ ਨਾਜਾਇਜ਼ 30 ਬੋਰ ਸਮੇਤ 1 ਰੌਂਦ ਜ਼ਿੰਦਾ ਅਤੇ 1 ਮੋਟਰਸਾਈਕਲ ਸਣੇ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀ. ਆਈ. ਏ. ਸਟਾਫ਼ ਸਹਾਇਕ ਥਾਣੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਫਿਰੋਜ਼ਪੁਰ-ਮੋਗਾ ਰੋਡ 'ਤੇ ਟੀ-ਪੁਆਇੰਟ ਫਰੀਦਕੋਟ ਓਵਰਬ੍ਰਿਜ ਹੇਠਾਂ ਪੁੱਜੇ ਤਾਂ ਇਸ ਦੌਰਾਨ ਖ਼ਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਅਨ ਡਿੰਪਲ ਉਰਫ਼ ਮਿੱਟੂ ਪੁੱਤਰ ਲਾਲ ਚੰਦ ਵਾਸੀ ਪਿੰਡ ਪੀਰਾਂ ਵਾਲਾ, ਹੈਰੀ ਹੀਰਾ ਪੁੱਤਰ ਮਹਿੰਦਰ ਵਾਸੀ ਇੰਦਰਾ ਕਾਲੋਨੀ ਖਾਈ ਫੇਮੇ ਕੀ ਮਿਲ ਕੇ ਫਿਰੋਜ਼ਪੁਰ ਏਰੀਏ ਵਿਚ ਆਉਂਦੇ ਜਾਂਦੇ ਰਾਹਗੀਰਾਂ ਪਾਸੋਂ ਖੋਹਾਂ ਕਰਦੇ ਹਨ। ਇਨ੍ਹਾਂ ਪਾਸ ਨਾਜਾਇਜ਼ ਅਸਲਾ ਵੀ ਹੈ,



ਇਸ ਸਮੇਂ ਇਹ ਦੋਵੇਂ ਜਣੇ ਪਹਿਲਾਂ ਤੋਂ ਖੋਹ ਕੀਤਾ ਹੋਇਆ ਇਕ ਮੋਟਰਸਾਈਕਲ ਬਜਾਜ ਪਲਸਰ ਵੇਚਣ ਲਈ ਫਰੀਦਕੋਟ-ਫਿਰੋਜ਼ਪੁਰ ਨੇੜੇ ਨਵਾਂ ਪੁਰਬਾ 'ਤੇ ਬਣੀ ਦਾਣਾ ਮੰਡੀ ਵਿਚ ਬਣੇ ਸ਼ੈੱਡ ਹੇਠਾਂ ਖੜ੍ਹੇ ਕਿਸੇ ਗਾਹਕ ਦੀ ਉਡੀਕ ਕਰ ਰਹੇ ਹਨ। ਜਾਂਚਕਰਤਾ ਸਾਹਿਬ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਜਗ?ਹਾ 'ਤੇ ਛਾਪੇਮਾਰੀ ਕਰ 2 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 1 ਪਿਸਤੌਲ ਨਾਜਾਇਜ਼ 30 ਬੋਰ ਸਮੇਤ 1 ਰੌਂਦ ਜ਼ਿੰਦਾ ਅਤੇ 1 ਮੋਟਰਸਾਈਕਲ ਬਜਾਜ ਪਲਸਰ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਟਿੱਪਰ ਨੇ ਕਾਰ ਨੂੰ 150 ਮੀਟਰ ਤੱਕ ਘੜੀਸਿਆ, ਵਾਲ-ਵਾਲ ਬਚਿਆ ਜੋੜਾ ਅਤੇ 2 ਬੱਚੇ

ਲੁਧਿਆਣਾ 13 ਫਰਵਰੀ। ਚੰਡੀਗੜ੍ਹ ਰੋਡ 'ਤੇ ਸਮਰਾਲਾ ਚੌਕ 'ਤੇ ਰਾਤ ਕਰੀਬ 11.30 ਵਜੇ ਹਾਦਸਾ ਹੋ ਗਿਆ। ਇਸ ਦੌਰਾਨ ਬੱਜਰੀ ਨਾਲ ਲੱਦੇ ਟਿੱਪਰ ਨੇ ਸਵਿਫਟ ਡਿਜ਼ਾਇਰ ਕਾਰ ਨੂੰ ਕਰੀਬ 1500 ਮੀਟਰ ਤੱਕ ਘੜੀਸਿਆ। ਖੁਸਕਿਸਮਤੀ ਰਹੀ ਕਿ ਰਾਹਗੀਰ ਆਟੋ ਡਰਾਈਵਰ ਨੇ ਰੌਲਾ ਪਾ ਕੇ ਡਰਾਈਵਰ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਅਤੇ ਟਿੱਪਰ ਰੁਕਵਾਇਆ। ਟਿੱਪਰ ਡਰਾਈਵਰ ਮੋਬਾਈਲ 'ਤੇ ਗੱਲ ਕਰਨ ਵਿਚ ਵਿਅਸਤ ਸੀ। ਉਸ ਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਉਸ ਨੇ ਕਾਰ ਨੂੰ ਟੱਕਰ ਮਾਰ ਦਿੱਤੀ ਅਤੇ ਕਾਰ ਨੂੰ ਕਾਫੀ ਦੂਰ ਤੱਕ ਘੜੀਸਦਾ ਹੋਇਆ ਲੈ ਗਿਆ। ਰਾਹਗੀਰਾਂ ਨੇ ਨੁਕਸਾਨੀ ਕਾਰ 'ਚੋਂ 2 ਬੱਚਿਆਂ ਅਤੇ ਜੋੜੇ ਨੂੰ ਬਾਹਰ ਕੱਢਿਆ। ਕਾਰ 'ਚ ਸਵਾਰ ਔਰਤ



ਕਨਿਕਾ ਨੇ ਕਿਹਾ ਕਿ ਉਹ ਆਪਣੇ ਬੱਚਿਆਂ ਅਤੇ ਪਤੀ ਨਾਲ ਉਹ ਅੰਬਰ ਗਾਰਡਨ ਨੇੜੇ ਲੇਡੀਜ਼ ਸੰਗੀਤ ਸਮਾਰੋਹ ਤੋਂ ਵਾਪਸ ਘਰ ਜਾ ਰਹੇ ਸਨ। ਅਚਾਨਕ ਟਿੱਪਰ ਡਰਾਈਵਰ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰੀ। ਟਿੱਪਰ ਚਾਲਕ ਉਨ੍ਹਾਂ ਨੂੰ ਘੜੀਸਦਾ ਹੋਇਆ ਕਾਫ਼ੀ ਦੂਰ ਤੱਕ ਲੈ ਗਿਆ। ਚਸ਼ਮਦੀਦ ਗਵਾਹ ਆਟੋ ਚਾਲਕ ਸੰਨੀ ਨੇ ਕਿਹਾ ਕਿ ਟਿੱਪਰ ਚਾਲਕ ਨੇ ਜਦੋਂ ਟੱਕਰ ਮਾਰੀ ਤਾਂ ਪੂਰਾ ਪਰਿਵਾਰ ਚੀਕਾਂ ਮਾਰ ਰਿਹਾ ਸੀ। ਫਿਰ ਟਿੱਪਰ ਚਾਲਕ ਦੀ ਖਿੜਕੀ 'ਤੇ ਜ਼ੋਰ ਨਾਲ ਹੱਥ ਮਾਰਿਆ। ਉਸ ਨੂੰ ਰੁਕਣ ਲਈ ਕਿਹਾ। ਗੱਡੀ ਦਾ ਡਰਾਈਵਰ ਫੋਨ 'ਤੇ ਵਿਅਸਤ ਸੀ। ਟਿੱਪਰ ਰੁਕਣ ਤੋਂ ਬਾਅਦ ਸਵਿਫਟ ਕਾਰ ਵਿਚ ਸਵਾਰ ਬੱਚਿਆਂ ਅਤੇ ਜੋੜੇ ਨੂੰ ਬਾਹਰ ਕੱਢਿਆ। ਕਾਰ ਦੇ ਦੋਵੇਂ ਦਰਵਾਜ਼ੇ ਅਤੇ ਸ਼ੀਸ਼ਾ ਟੁੱਟ ਗਿਆ ਹੈ। ਲੋਕਾਂ ਨੇ ਹੀ ਪੁਲਸ ਨੂੰ ਸੂਚਿਤ ਕੀਤਾ। ਟਿੱਪਰ ਡਰਾਈਵਰ ਸੋਢੀ ਨੇ ਕਿਹਾ ਕਿ ਉਹ ਨੰਗਲ ਤੋਂ ਬੱਜ਼ਰੀ ਭਰ ਕੇ ਲੁਧਿਆਣਾ ਛੱਡਣ ਆਇਆ ਸੀ। ਫਿਲਹਾਲ ਸਵਿਫਟ ਕਾਰ ਅਤੇ ਟਿੱਪਰ ਦੋਵਾਂ ਨੂੰ ਥਾਣਾ ਮੋਤੀ ਨਗਰ 'ਚ ਪੁਲਸ ਨੇ ਕਬਜ਼ਾ ਵਿਚ ਲੈ ਲਿਆ ਹੈ। ਦੋਵਾਂ ਧਿਰਾਂ ਨੂੰ ਬੁਲਾ ਕੇ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ।

## ਖੁਸ਼ਖ਼ਬਰੀ ! ਧੀਆਂ ਦੇ ਵਿਆਹ ਲਈ ਸਰਕਾਰ ਦੇਵੇਗੀ 71 ਹਜ਼ਾਰ ਰੁਪਏ

ਯਮੁਨਾਨਗਰ 13 ਫਰਵਰੀ। ਸਰਕਾਰ ਵਲੋਂ ਸਮਾਜ ਦੇ ਸਾਰੇ ਵਰਗਾਂ ਦੀਆਂ ਧੀਆਂ ਦੇ ਵਿਆਹ 'ਚ ਆਰਥਿਕ ਸਹਿਯੋਗ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਇਹ ਯੋਜਨਾ ਆਰਥਿਕ ਰੂਪ ਤੋਂ ਕਮਜ਼ੋਰ ਵਰਗਾਂ ਨੂੰ ਮਜ਼ਬੂਤ ਬਣਾਉਣ ਅਤੇ ਧੀਆਂ ਦੇ ਵਿਆਹ ਨੂੰ ਉਤਸ਼ਾਹਿਤ ਕਰਨ ਲਈ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਦੇ ਲਈ ਲਾਭਪਾਤਰੀ ਕੁੜੀ ਦੇ ਵਿਆਹ ਨੂੰ ਈ-ਦਿਸ਼ਾ ਪੋਰਟਲ 'ਤੇ ਰਜਿਸਟਰਡ ਕਰਵਾਉਣਾ ਬਹੁਤ ਜ਼ਰੂਰੀ ਹੈ। ਡੀ.ਸੀ. ਵਰਿੰਦਰ ਕੁਮਾਰ ਦਹੀਆ ਨੇ ਦੱਸਿਆ ਕਿ ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ ਸਮਾਜ 'ਚ ਬਰਾਬਰੀ ਅਤੇ ਸਸ਼ਕਤੀਕਰਨ ਦਾ ਪ੍ਰਤੀਕ ਹੈ। ਇਸ ਯੋਜਨਾ ਦਾ ਉਦੇਸ਼ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਅਤੇ ਧੀਆਂ ਦੇ ਵਿਆਹ ਵਿਚ ਆਰਥਿਕ ਚਿੰਤਾ ਨੂੰ ਘਟਾਉਣਾ ਹੈ। ਉਨ੍ਹਾਂ ਸਮੂਹ ਯੋਗ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਲਾਭ ਉਠਾ ਕੇ ਆਪਣੀਆਂ ਧੀਆਂ ਦਾ ਭਵਿੱਖ



ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ। ਡੀ.ਸੀ. ਨੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਲੈਣ ਲਈ ਬਿਨੈਕਾਰ ਨੂੰ ਆਪਣੀ ਕੁੜੀ ਦੇ ਵਿਆਹ ਤੋਂ ਬਾਅਦ 6 ਮਹੀਨਿਆਂ ਦੇ ਅੰਦਰ ਵਿਆਹ ਦੀ ਰਜਿਸਟ?ਰੇਸ਼ਨ ਕਰਵਾਉਣੀ ਲਾਜ਼ਮੀ ਹੈ। ਯੋਜਨਾ ਲਈ ਅਰਜ਼ੀ ਪ੍ਰਕਿਰਿਆ ਨੂੰ ਸਰਲ ਅਤੇ ਆਸਾਨ ਬਣਾਇਆ ਗਿਆ ਹੈ। ਬਿਨੈਕਾਰ ਪੋਰਟਲ 'ਤੇ ਜਾ ਕੇ ਵਿਆਹ ਦੀ ਰਜਿਸਟ?ਰੇਸ਼ਨ ਅਤੇ ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ ਲਈ ਅਰਜ਼ੀ ਦੇ ਸਕਦੇ ਹਨ। ਇਸ ਯੋਜਨਾ ਤਹਿਤ ਸਾਰੇ ਵਰਗਾਂ ਦੀਆਂ ਵਿਧਵਾਵਾਂ, ਅਨਾਥ, ਤਲਾਕਸ਼ੁਦਾ, ਬੇਸਹਾਰਾ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਲਈ 51,000 ਰੁਪਏ ਦੀ ਗਰਾਂਟ ਰਾਸ਼ੀ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਇਸ ਯੋਜਨਾ ਤਹਿਤ ਜੇਕਰ ਲਾੜਾ-ਲਾੜੀ ਦੋਵੇਂ ਦਿਵਿਆਂਗ ਹਨ ਤਾਂ ਉਨ੍ਹਾਂ ਨੂੰ 51,000 ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ। ਜੇਕਰ ਸਿਰਫ਼ ਇਕ ਲਾੜਾ ਜਾਂ ਲਾੜੀ ਦਿਵਿਆਂਗ ਹਨ, ਤਾਂ 41,000 ਰੁਪਏ ਦੀ ਗ੍ਰਾਂਟ ਰਾਸ਼ੀ ਦਿੱਤੀ ਜਾਵੇਗੀ।

## ਪਤੀ ਨਹੀਂ ਸਹਾਰ ਸਕਿਆ ਪਤਨੀ ਦਾ ਵਿਛੋੜਾ, ਅੰਤਿਮ ਅਰਦਾਸ ਤੋਂ ਪਹਿਲਾਂ ਫ਼ਾਨੀ ਸੰਸਾਰ ਨੂੰ ਖ਼ੁਦ ਵੀ ਕਿਹਾ ਅਲਵਿਦਾ

ਮਾਛੀਵਾੜਾ ਸਾਹਿਬ 13 ਫਰਵਰੀ। ਮਾਛੀਵਾੜਾ ਸ਼ਹਿਰ ਵਿਚ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ, ਜਦੋਂ ਇਕ ਵਿਅਕਤੀ ਨੇ ਪਤਨੀ ਦੀ ਮੌਤ ਮਗਰੋਂ ਹੋਣ ਵਾਲੀ ਅੰਤਿਮ ਅਰਦਾਸ ਤੋਂ ਪਹਿਲਾਂ ਹੀ ਆਪਣੇ ਵੀ ਪ੍ਰਾਣ ਤਿਆਗ ਦਿੱਤੇ ਤੇ ਆਪਣੀ ਪਤਨੀ ਦੇ ਵਿਯੋਗ ਵਿਚ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਜਾਣਕਾਰੀ ਅਨੁਸਾਰ ਮਾਛੀਵਾੜਾ ਵਾਸੀ ਹੇਅਰ



ਡ?ਰੈੱਸਰ ਸੁਰਿੰਦਰ ਲਖਨ ਪਾਲ ਦੀ ਮਾਤਾ ਸ਼ੰਕੁਤਲਾ ਦੇਵੀ 4 ਫਰਵਰੀ ਨੂੰ ਅਕਾਲ ਚਲਾਣਾ ਕਰ ਗਈ ਸੀ। ਉਸ ਦੇ ਅੰਤਿਮ ਸਸਕਾਰ ਤੋਂ ਬਾਅਦ ਸ਼ੰਕੁਤਲਾ ਦੇਵੀ ਨਮਿੱਤ ਅੰਤਿਮ ਅਰਦਾਸ ਅਤੇ ਗਰੁੜ ਪੁਰਾਣ ਪਾਠ ਦਾ ਭੋਗ ਐਤਵਾਰ ਨੂੰ ਹੋਣਾ ਸੀ, ਪਰ ਉਸ ਤੋਂ ਇੱਕ ਦਿਨ ਪਹਿਲਾਂ ਹੀ ਪਤੀ ਰਾਜ ਕੁਮਾਰ ਵੀ ਦਮ ਤੋੜ ਗਿਆ। ਬਜ਼ੁਰਗ ਰਾਜ ਕੁਮਾਰ ਦਾ ਅੰਤਿਮ ਸੰਸਕਾਰ ਮਾਛੀਵਾੜਾ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ, ਜਿੱਥੇ ਪਰਿਵਾਰ ਨਾਲ ਇਲਾਕੇ ਦੇ ਪਤਵੰਤੇ ਸੱਜਣਾਂ ਅਤੇ ਭਾਰੀ ਗਿਣਤੀ 'ਚ ਸ਼ਹਿਰ ਵਾਸੀਆਂ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਹੁਣ ਦੋਵੇਂ ਪਤੀ-ਪਤਨੀ ਸਵ. ਰਾਜ ਕੁਮਾਰ ਅਤੇ ਸ਼ੰਕੁਤਲਾ ਦੇਵੀ ਦੀ ਅੰਤਿਮ ਅਰਦਾਸ 13 ਫਰਵਰੀ ਦਿਨ ਮੰਗਲਵਾਰ ਨੂੰ ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

## ਬੰਦ ਮਕਾਨ ਅੰਦਰ ਰੰਗਰਲੀਆਂ ਮਨਾਉਂਦੇ ਫੜਿਆ ਗਿਆ ਪ੍ਰੇਮੀ ਜੋੜਾ

ਵੈੱਬ ਡੈਸਕ 13 ਫਰਵਰੀ। ਉੱਤਰ ਪ੍ਰਦੇਸ਼ ਦੇ ਅਮਰੋਹਾ ਜ਼ਿਲ੍ਹੇ 'ਚ ਇੱਕ ਨੌਜਵਾਨ ਨੂੰ ਆਪਣੀ ਪ੍ਰੇਮਿਕਾ ਨਾਲ ਆਪਣੇ ਦੋਸਤ ਦੇ ਬੰਦ ਘਰ ਜਾਣ ਦੀ ਭਾਰੀ ਕੀਮਤ ਚੁਕਾਉਣੀ ਪਈ। ਨੌਜਵਾਨ ਦੇ ਦੋਸਤ ਦੇ ਸਹੁਰਿਆਂ ਨੇ ਉਨ੍ਹਾਂ ਨੂੰ ਇਤਰਾਜ਼ਯੋਗ ਹਾਲਤ ਵਿੱਚ ਫੜ ਲਿਆ ਅਤੇ ਘਟਨਾ ਦੀ ਵੀਡੀਓ ਵੀ ਬਣਾਈ। ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਨਗਰ ਕੋਤਵਾਲੀ ਇਲਾਕੇ ਦੇ ਇੱਕ ਇਲਾਕੇ ਵਿੱਚ, ਇੱਕ ਵਿਅਕਤੀ ਨੇ ਆਪਣੀ ਧੀ ਦਾ ਵਿਆਹ ਉਸੇ ਇਲਾਕੇ ਦੇ ਇੱਕ ਨੌਜਵਾਨ ਨਾਲ ਕਰ ਦਿੱਤਾ ਸੀ। ਉਸਨੂੰ ਵਿਆਹ ਦੇ ਦਾਜ ਵਜੋਂ ਇੱਕ ਘਰ ਵੀ ਮਿਲਿਆ। ਵਿਆਹ ਤੋਂ ਕੁਝ ਸਮੇਂ ਬਾਅਦ, ਜਵਾਈ ਅਤੇ ਧੀ ਵਿਚਕਾਰ ਝਗੜਾ ਹੋ ਗਿਆ, ਜਿਸ ਕਾਰਨ ਉਹ ਆਪਣੀ ਪੜ੍ਹਾਈ ਲਈ ਦਿੱਲੀ ਚਲੀ ਗਈ। ਦਾਜ ਵਜੋਂ ਮਿਲੇ ਘਰ 'ਤੇ ਜਵਾਈ ਦਾ ਕਬਜ਼ਾ ਸੀ। ਦੱਸਿਆ ਜਾ ਰਿਹਾ ਹੈ ਕਿ 2 ਦਿਨ ਪਹਿਲਾਂ ਜਵਾਈ ਨੇ ਘਰ ਦੀਆਂ ਚਾਬੀਆਂ ਆਪਣੇ ਦੋਸਤ ਨੂੰ ਦੇ ਦਿੱਤੀਆਂ ਸਨ। ਉਹ ਦੋਸਤ ਆਪਣੀ ਵਿਆਹੀ ਹੋਈ ਪ੍ਰੇਮਿਕਾ ਨਾਲ ਘਰ ਵਿੱਚ ਗਿਆ। ਜਿਵੇਂ ਹੀ ਸਹੁਰਿਆਂ ਨੂੰ ਇਸ ਬਾਰੇ ਪਤਾ ਲੱਗਾ, ਉਹ ਮੌਕੇ 'ਤੇ ਪਹੁੰਚੇ ਅਤੇ ਕੰਧ ਟੱਪ ਕੇ ਘਰ ਵਿੱਚ ਦਾਖਲ ਹੋ ਗਏ। ਜਿੱਥੇ ਉਨ੍ਹਾਂ ਨੇ ਪ੍ਰੇਮੀਆਂ ਨੂੰ ਇਤਰਾਜ਼ਯੋਗ ਸਥਿਤੀ ਵਿੱਚ ਮਿਲਿਆ। ਰੌਲਾ ਸੁਣ ਕੇ ਆਂਢ-ਗੁਆਂਢ ਦੇ ਲੋਕ ਵੀ ਇਕੱਠੇ ਹੋ ਗਏ, ਪਰ ਅੰਤ ਵਿੱਚ ਲੋਕਾਂ ਦੀ ਬੇਨਤੀ 'ਤੇ ਦੋਵਾਂ ਨੂੰ ਛੱਡ ਦਿੱਤਾ ਗਿਆ। ਇੰਸਪੈਕਟਰ ਇੰਚਾਰਜ ਪੰਕਜ ਤੋਮਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਕਿਸੇ ਵੀ ਧਿਰ ਨੇ ਪੁਲਸ ਨੂੰ ਕੋਈ ਸ਼ਿਕਾਇਤ ਨਹੀਂ ਦਿੱਤੀ ਹੈ। ਜੇਕਰ ਕੋਈ ਸ਼ਿਕਾਇਤ ਮਿਲਦੀ ਹੈ ਤਾਂ ਕਾਰਵਾਈ ਕੀਤੀ ਜਾਵੇਗੀ।

## ਆਹ ਵੇਖੋ ਪੰਜਾਬੀ ਨੌਜਵਾਨਾਂ ਦਾ ਹੈਰਾਨਜਨਕ ਕਾਰਾ, ਪੁਲਸ ਦੀ ਵਰਦੀ ਪਾ ਕਰਦੇ ਰਹੇ ਵੱਡੇ ਕਾਂਡ

ਤਰਨਤਾਰਨ 13 ਫਰਵਰੀ। ਪੁਲਸ ਦੀ ਵਰਦੀ ਪਾ ਕੇ ਹਥਿਆਰਾਂ ਦੀ ਨੋਕ 'ਤੇ ਭੋਲੇ-ਭਾਲੇ ਲੋਕਾਂ ਨੂੰ ਲੁੱਟ ਦਾ ਸ਼ਿਕਾਰ ਬਣਾਉਣ ਵਾਲੇ 2 ਮੁਲਜ਼ਮਾਂ ਨੂੰ ਥਾਣਾ ਖਾਲੜਾ ਦੀ ਪੁਲਸ ਨੇ ਗ੍ਰਿਫ਼ਤਾਰ ਕਰਨ 'ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਲਸ ਨੇ ਦੋਵਾਂ ਮੁਲਜ਼ਮਾਂ ਦਾ ਮਾਣਯੋਗ ਅਦਾਲਤ ਕੋਲੋਂ 7 ਦਿਨਾਂ ਦਾ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫਿਰੋਜ਼ਪੁਰ ਰੇਂਜ ਦੇ ਡੀ. ਆਈ. ਜੀ. (ਐਡੀਸ਼ਨਲ ਚਾਰਜ) ਅਸ਼ਵਨੀ ਕਪੂਰ ਨੇ ਦੱਸਿਆ ਕਿ ਐੱਸ. ਐੱਸ. ਪੀ. ਤਰਨਤਰਨ ਅਭਿਮਨਿਊ ਰਾਣਾ ਅਧੀਨ ਕੰਮ ਕਰ ਰਹੀ ਥਾਣਾ ਖਾਲੜਾ ਦੀ ਪੁਲਸ ਵੱਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਦੇ ਹੋਏ ਇਕ ਸਵਿਫਟ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਜਿਸ 'ਚ ਸਵਾਰ ਦੋ ਵਿਅਕਤੀਆਂ ਨੂੰ ਕਾਬੂ ਕਰਦੇ ਹੋਏ ਉਨ੍ਹਾਂ ਕੋਲੋਂ ਇਕ ਪਿਸਤੌਲ 32 ਬੋਰ, 8 ਜ਼ਿੰਦਾ ਰੌਂਦ, 2





ਪੰਜਾਬ ਪੁਲਸ ਦੀਆਂ ਵਰਦੀਆਂ, ਇਕ ਸਵਿਫਟ ਕਾਰ ਅਤੇ ਇਕ ਮੋਬਾਈਲ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਾਬੂ ਮੁਲਜ਼ਮਾਂ ਦੀ ਪਛਾਣ ਗੁਰਵਿੰਦਰ ਸਿੰਘ ਫੌਜੀ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਨਾਰਲੀ ਅਤੇ ਹਰਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਧਨੌਲਾ ਜ਼ਿਲ੍ਹਾ ਬਰਨਾਲਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਮੁਲਜ਼ਮ ਵੱਖ-ਵੱਖ ਇਲਾਕਿਆਂ ਤੋਂ ਗੱਡੀਆਂ ਚੋਰੀ ਕਰ ਕੇ ਉਨ੍ਹਾਂ ਦੇ ਜਾਅਲੀ ਕਾਗਜ਼ ਤਿਆਰ ਕਰਨ ਅਤੇ ਨੰਬਰ ਟੈਂਪਰ ਕਰਕੇ ਪੰਜਾਬ ਪੁਲਸ ਦੀਆਂ ਵਰਦੀਆਂ ਪਾ ਕੇ ਲੋਕਾਂ ਨੂੰ ਲੁੱਟਣ ਦਾ ਕੰਮ ਕਰਦੇ ਸਨ। ਉਨ੍ਹਾਂ ਦੱਸਿਆ ਕਿ ਦੋਵੇਂ ਮੁਲਜ਼ਮ ਕਿੰਨੇ ਸਮੇਂ ਤੋਂ ਇਸ ਧੰਦੇ 'ਚ ਲੱਗੇ ਹੋਏ ਹਨ ਅਤੇ ਕਿੰਨੀਆਂ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ, ਇਸ ਸਬੰਧੀ ਦੋਵਾਂ ਖਿਲਾਫ ਥਾਣਾ ਖਾਲੜਾ ਵਿਖੇ ਪਰਚਾ ਦਰਜ ਕਰਦੇ ਹੋਏ ਮਾਣਯੋਗ ਅਦਾਲਤ ਕੋਲੋਂ ਸੱਤ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ।

## ਕਹਿਰ ! ਸਵਿੱਗੀ ਬੁਆਏ ਪੁਲ ਤੋਂ ਪਲਟੀਆਂ ਖਾਂਦਾ ਹੇਠਾਂ ਡਿੱਗਿਆ

ਲੁਧਿਆਣਾ 13 ਫਰਵਰੀ। ਬਸਤੀ ਜੋਧੇਵਾਲ ਪੁਲ 'ਤੇ ਅਚਾਨਕ ਬਾਈਕ ਬੰਦ ਹੋਣ ਮਗਰੋਂ ਉਸ ਨੂੰ ਠੀਕ ਕਰ ਰਹੇ ਸਵਿੱਗੀ ਬੁਆਏ ਨੂੰ ਤੇਜ਼ ਰਫ਼ਤਾਰ ਕਾਰ ਨੇ ਟੱਕਰ ਮਾਰ ਦਿੱਤੀ। ਇਸ ਕਾਰਨ ਉਹ ਬਾਈਕ ਸਣੇ ਹੀ ਪੁਲ ਤੋਂ ਹੇਠਾਂ ਡਿੱਗ ਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਮੌਕੇ 'ਤੇ ਇਸ ਭਿਆਨਕ ਮੰਜ਼ਰ ਦੇਖਣ ਵਾਲੇ ਲੋਕਾਂ ਦੀਆਂ ਚੀਕਾਂ ਨਿਕਲ ਗਈਆਂ। ਮ੍ਰਿਤਕ ਦੀ ਪਛਾਣ ਆਕਾਸ਼ ਮਲਹੋਤਰਾ ਵਜੋਂ ਹੋਈ ਹੈ। ਫਿਲਹਾਲ ਦੋਸ਼ੀ ਕਾਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਇਸ ਮਾਮਲੇ 'ਚ ਥਾਣਾ ਟਿੱਬਾ ਦੀ ਪੁਲਸ ਨੇ ਮ੍ਰਿਤਕ ਦੇ ਰਿਸ਼ਤੇਦਾਰ ਗੁਰਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਕਾਰ ਸਵਾਰ ਸੁਨੀਲ ਕੁਮਾਰ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਦੋਸ਼ੀ ਦੀ ਭਾਲ ਕਰ ਰਹੀ ਹੈ। ਜਾਣਕਾਰੀ ਮੁਤਾਬਕ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਆਕਾਸ਼ ਦਾ ਵਿਆਹ 2021 'ਚ ਹੋਇਆ ਸੀ। 4 ਸਾਲ ਬਾਅਦ ਕੁੱਝ ਸਮਾਂ ਪਹਿਲਾਂ ਉਸ ਦੇ ਘਰ ਪੁੱਤਰ ਹੋਇਆ। ਆਕਾਸ਼ ਆਪਣੇ ਸਾਥੀ ਹਰਵਿੰਦਰ ਸਿੰਘ ਨਾਲ ਸਵਿੱਗੀ ਡਿਲੀਵਰੀ ਬੁਆਏ ਦਾ ਕੰਮ ਕਰਦਾ ਸੀ। ਉਹ ਕੁੱਝ ਸਮਾਨ ਪਹੁੰਚਾ ਕੇ ਘਰ ਵਾਪਸ ਆ ਰਿਹਾ ਸੀ। ਜਿਵੇਂ ਹੀ ਉਹ ਬਸਤੀ ਜੋਧੇਵਾਲ ਪੁਲ ਦੇ ਉੱਪਰ ਪੁੱਜਾ ਤਾਂ ਉਸ ਦੀ ਮੋਟਰਸਾਈਕਲ ਅਚਾਨਕ ਬੰਦ ਹੋ ਗਿਆ। ਆਕਾਸ਼ ਮੋਟਰਸਾਈਕਲ ਸਟਾਰਟ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਪਿੱਛੇ ਤੋਂ ਤੇਜ਼ ਰਫ਼ਤਾਰ ਕਾਰ ਸਵਾਰ ਨੇ ਬੜੀ ਲਾਪਰਵਾਹੀ ਨਾਲ ਆਕਾਸ਼ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ ਆਕਾਸ਼ ਮੋਟਰਸਾਈਕਲ ਸਣੇ ਹੀ ਪੁਲ ਤੋਂ ਹੇਠਾਂ ਡਿੱਗ ਪਿਆ। ਘਟਨਾ ਤੋਂ ਬਾਅਦ ਤੁਰੰਤ ਆਕਾਸ਼ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ ਪਰ ਇਸ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਚੁੱਕੀ ਸੀ।

## ਪੰਜਾਬ ਦੇ ਮੁਲਾਜ਼ਮਾਂ ਲਈ ਵੱਡੀ ਖ਼ਬਰ, ਪਹਿਰਾਵੇ ਨੂੰ ਲੈ ਕੇ ਸਖ਼ਤ ਹੁਕਮ ਲਾਗੂ

ਪਟਿਆਲਾ 13 ਫਰਵਰੀ। ਪੰਜਾਬ ਦੇ ਮੁਲਾਜ਼ਮਾਂ ਲਈ ਵੱਡੀ ਖ਼ਬਰ ਹੈ। ਦਰਅਸਲ ਹੁਣ ਦਫ਼ਤਰਾਂ 'ਚ ਡਿਊਟੀ ਦੇਣ ਬਾਰੇ ਸਰਕਾਰ ਵਲੋਂ ਸਖ਼ਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੀ. ਐੱਸ. ਪੀ. ਸੀ. ਐੱਲ. ਦੇ ਪ੍ਰਬੰਧਕੀ ਨਿਰਦੇਸ਼ਕ ਵਲੋਂ ਜਾਰੀ ਕੀਤੇ ਗਏ ਹਨ। ਹੁਕਮਾਂ 'ਚ ਕਿਹਾ ਗਿਆ ਹੈ ਕਿ ਸਾਰੇ ਅਧਿਕਾਰੀ ਅਤੇ ਮੁਲਾਜ਼ਮ ਦਫ਼ਤਰੀ ਸਮੇਂ ਦੌਰਾਨ ਰਸਮੀਂ ਪਹਿਰਾਵਾ ਹੀ ਪਾਉਣਗੇ। ਇਸ ਤਹਿਤ ਮਹਿਲਾ ਕਰਮਚਾਰੀ ਜਾਂ ਅਧਿਕਾਰੀ ਸਲਵਾਰ, ਕਮੀਜ਼, ਸੂਟ, ਸਾੜ੍ਹੀ, ਫਾਰਮਲ ਕਮੀਜ਼ਾਂ, ਟਰਾਊਜ਼ਰ ਅਤੇ ਮਰਦ ਕਰਮਚਾਰੀ ਜਾਂ ਅਧਿਕਾਰੀ ਪੈਂਟ, ਪੂਰੀਆਂ ਬਾਹਾਂ ਵਾਲੀ ਕਮੀਜ਼, ਕੋਟੀ, ਸਵੈਟਰ, ਕੋਟ-ਪੈਂਟ ਜਾਂ ਕੁੜਤਾ-ਪਜਾਮਾ ਪਾਉਣਗੇ। ਨਵੇਂ ਹੁਕਮਾਂ ਮੁਤਾਬਕ ਕੋਈ ਅਧਿਕਾਰੀ ਭੜਕੀਲੇ, ਛੋਟੇ ਅਤੇ ਲੋਅ ਵੇਸਟ ਕੱਪੜੇ, ਲੋਅਰ ਪੈਂਟ, ਬਿਨਾਂ ਬਾਹਾਂ ਵਾਲੀ ਕਮੀਜ਼ ਨਹੀਂ



ਪਾਵੇਗਾ। ਦਰਜਾ ਚਾਰ ਮਰਦ ਕਰਮਚਾਰੀ ਖ਼ਾਕੀ ਰੰਗ ਦੀ ਵਰਦੀ ਲਾਜ਼ਮੀ ਹੋਵੇਗੀ, ਜਦੋਂ ਕਿ ਦਰਜਾ ਚਾਰ ਇਸਤਰੀ ਮੁਲਾਜ਼ਮ ਲਈ ਚਿੱਟੇ ਰੰਗ ਦੀ ਵਰਦੀ ਤੇ ਗਰੇਅ ਰੰਗ ਦਾ ਦੁਪੱਟਾ ਹੋਵੇਗਾ। ਸਾਰੇ ਅਧਿਕਾਰੀ ਅਤੇ ਕਰਮਚਾਰੀ ਦਫ਼ਤਰੀ ਸਮੇਂ ਦੌਰਾਨ ਸ਼ਨਾਖ਼ਤੀ ਕਾਰਡ ਟੈਗ ਸਮੇਤ ਗਲੇ 'ਚ ਪਹਿਨਣਾ ਯਕੀਨੀ ਬਣਾਉਣਗੇ। ਠੇਕੇਦਾਰਾਂ ਰਾਹੀਂ ਰੱਖਏ ਗਏ ਸੀ. ਐੱਚ. ਬੀ. ਕਾਮਿਆਂ ਲਈ ਡਿਊਟੀ ਦੌਰਾਨ ਸੰਤਰੀ ਰੰਗ ਦੀ ਪੈਂਟ-ਸ਼ਰਟ ਜਾਂ ਕੁੜਤਾ-ਪਜਾਮਾ ਸਮੇਤ ਕਾਲੇ ਰੰਗੀ ਦੀ ਪੱਗ/ਟੋਪੀ ਪਾਉਣੀ ਲਾਜ਼ਮੀ ਹੋਵੇਗੀ। ਪੱਤਰ 'ਚ ਕਿਹਾ ਗਿਆ ਹੈ ਕਿ ਜੇਕਰ ਕਿਸੇ ਮੁਲਾਜ਼ਮ ਨੇ ਇਸ ਡਰੈੱਸ ਕੋਰਡ ਦੀ ਉਲੰਘਣਾ ਕੀਤੀ

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੇ ਮੱਦੇਨਜ਼ਰ ਮੀਟ-ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੀ ਮੰਗ

ਲਾਡੋਵਾਲ 13 ਫਰਵਰੀ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਲੁਧਿਆਣਾ ਵਿਚ ਮੀਟ-ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੇ ਸਬੰਧੀ ਸਤਿਗੁਰੂ ਰਵਿਦਾਸ ਧਰਮ ਸਮਾਜ ਰਜਿ. ਸਰਧਸ ਪੰਜਾਬ ਦੇ ਅਹੁਦੇਦਾਰਾਂ ਵੱਲੋਂ ਪ੍ਰਧਾਨ ਅਨੰਦ ਕਿਸ਼ੋਰ ਦੇ ਨਿਰਦੇਸ਼ਾਂ ਅਨੁਸਾਰ



ਬਲਵਿੰਦਰ ਬਿੱਟਾ, ਵਿਜੇ ਝੰਲੀ, ਗੁਰਪ੍ਰੀਤ ਲਾਲੀ, ਹਰਜਿੰਦਰ ਸੁਜਾਤਵਾਲਾ, ਦੀਪਕ ਸਾਂਪਲਾ ਦੀ ਅਗਵਾਈ ਵਿਚ ਲੁਧਿਆਣਾ ਦੇ ਅਡਿਸ਼ਨਲ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਬਿੱਟਾ ਨੇ ਕਿਹਾ ਕਿ 13 ਫਰਵਰੀ ਨੂੰ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ 'ਤੇ 13 ਫਰਵਰੀ ਨੂੰ ਵੱਡੇ ਪੱਧਰ 'ਤੇ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ, ਇਸ ਲਈ ਸਾਡੀ ਮੰਗ ਹੈ ਕਿ ਇਸ ਦਿਨ ਦੀ ਮਹੱਤਤਾ ਨੂੰ ਦੇਖਦੇ ਹੋਏ ਮੀਟ ਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਣ। ਇਸ ਮੌਕੇ ਪ੍ਰਧਾਨ ਬਲਵਿੰਦਰ ਜੱਸੀ, ਬਲਦੇਵ ਸਿੰਘ, ਪ੍ਰਦੀਪ ਕੁਮਾਰ, ਬਲਜੀਤ ਕੁਮਾਰ, ਮਨੀਸ਼ ਕੁਮਾਰ ਆਦਿ ਹਾਜ਼ਰ ਸਨ।

## ਪੰਜਾਬ 'ਚ ਮੈਰਿਜ਼/ਫੰਕਸ਼ਨ 'ਤੇ 'ਸ਼ਰਾਬ' ਦੀ ਵਰਤੋਂ ਨੂੰ ਲੈ ਕੇ ਆਬਕਾਰੀ ਵਿਭਾਗ ਵੱਲੋਂ ਹੁਕਮ ਜਾਰੀ

ਅੰਮ੍ਰਿਤਸਰ 13 ਫਰਵਰੀ। ਵਿਆਹਾਂ ਅਤੇ ਹੋਰ ਵੱਡੇ-ਛੋਟੇ ਪ੍ਰੋਗਰਾਮਾਂ ਦੇ ਪ੍ਰਬੰਧਕਾਂ ਲਈ ਇਹ ਖ਼ਬਰ ਸ਼ਾਇਦ ਬਹੁਤ ਖੁਸ਼ੀ ਦੀ ਹੋਵੇਗੀ ਕਿ ਮੈਰਿਜ ਪੈਲੇਸਾਂ ਅਤੇ ਰਿਜ਼ੋਰਟਾਂ ਵਿਚ ਕਿਸੇ ਵੀ ਪ੍ਰੋਗਰਾਮ ਲਈ ਵਰਤਾਈ ਜਾਣ ਵਾਲੀ ਸ਼ਰਾਬ ਦੇ ਰੇਟ ਹੁਣ ਮਨਮਾਨੇ ਢੰਗ ਨਾਲ ਨਹੀਂ ਲਏ ਜਾਣਗੇ। ਇਸ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਆਬਕਾਰੀ ਵਿਭਾਗ ਨੇ ਰੇਟ ਲਿਸਟਾਂ ਅਤੇ ਗਾਈਡ ਲਾਈਨ ਜਾਰੀ ਕਰ ਦਿੱਤੀਆਂ ਹਨ। ਜਾਣਕਾਰੀ ਅਨੁਸਾਰ ਲੰਬੇ ਸਮੇਂ ਤੋਂ ਆਮ ਗਾਹਕ ਸ਼ਿਕਾਇਤ ਕਰ ਰਹੇ ਸਨ ਕਿ ਜਦੋਂ ਵੀ ਕਿਸੇ ਵੀ ਵਿਆਹ ਵਿਚ ਸ਼ਰਾਬ, ਵਿਸਕੀ ਜਾਂ ਬੀਅਰ ਦਾ ਸਟਾਲ ਲਗਾਇਆ ਜਾਂਦਾ ਹੈ, ਤਾਂ ਠੇਕੇਦਾਰ ਉੱਥੇ ਮੁਹੱਈਆ ਸ਼ਰਾਬ ਨੂੰ ਆਪਣੀ ਪਸੰਦ ਦੇ ਰੇਟ 'ਤੇ ਵੇਚਦੇ ਹਨ। ਜੇਕਰ ਕੋਈ ਪ੍ਰੋਗਰਾਮ ਪ੍ਰਬੰਧਕ ਕਿਸੇ ਹੋਰ ਠੇਕੇ ਜਾਂ ਸਰਕਲ ਤੋਂ ਸ਼ਰਾਬ ਲਿਆਉਂਦਾ ਹੈ ਤਾਂ ਪੈਲੇਸ ਦੇ ਮਾਲਕ ਅਤੇ ਠੇਕੇਦਾਰ ਇਸ 'ਤੇ ਵੀ ਇਤਰਾਜ਼ ਕਰਦੇ ਹਨ ਅਤੇ ਵਿਆਹ ਵਿਚ ਹੁਲੜਬਾਜ਼ੀ ਹੋਣ ਦੀ ਪੂਰੀ ਸੰਭਾਵਨਾ ਹੁੰਦੀ ਹੈ। ਇਸ ਵਿਚ ਠੇਕੇਦਾਰਾਂ ਦੇ ਕੁਝ ਤਾਕਤਵਰ ਵਿਅਕਤੀ ਉੱਥੇ ਆਉਂਦੇ ਹਨ ਅਤੇ ਪ੍ਰੋਗਰਾਮ ਵਿਚ ਵਿਘਨ ਪਾਉਣ ਵਿਚ ਵਿਚ ਕੋਈ ਕਸਰ ਨਹੀਂ ਛੱਡਦੇ। ਨਤੀਜੇ ਵਜੋਂ ਖਪਤਕਾਰ ਉਨ੍ਹਾਂ ਤੋਂ ਵੱਧ ਕੀਮਤਾਂ 'ਤੇ ਸ਼ਰਾਬ ਖਰੀਦਣ ਲਈ ਮਜ਼ਬੂਰ ਹਨ। ਦਰਅਸਲ, ਪੰਜਾਬ ਵਿਚ ਸ਼ਰਾਬ ਦੀਆਂ ਕੀਮਤਾਂ ਪਹਿਲਾਂ ਹੀ ਵੱਧ





ਹਨ। ਇਨ੍ਹਾਂ ਦੀਆਂ ਕੀਮਤਾਂ ਦੂਜੇ ਰਾਜਾਂ ਨਾਲੋਂ ਬਹੁਤ ਜ਼ਿਆਦਾ ਹਨ ਅਤੇ ਇਸ ਤੋਂ ਇਲਾਵਾ, ਠੇਕੇਦਾਰ/ਰਿਜ਼ੋਰਟ ਮਾਲਕ ਵਲੋਂ ਪ੍ਰੋਗਰਾਮਾਂ ਦੇ ਸਮੇਂ ਲਈਆਂ ਜਾਣ ਵਾਲੀਆਂ ਦਰਾਂ ਖਪਤਕਾਰ ਦੇ ਬਜਟ ਤੋਂ ਬਾਹਰ ਹਨ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਆਬਕਾਰੀ ਵਿਭਾਗ ਦੀ ਉੱਚ ਕਮਾਨ ਨੇ ਹੁਣ ਇਹ ਫੈਸਲਾ ਲਿਆ ਹੈ ਤਾਂ ਜੋ ਕਿਸੇ ਵੀ ਖਪਤਕਾਰ ਦਾ ਮਜ਼ਬੂਰੀ ਦੀ ਸਥਿਤੀ ਵਿਚ ਆਰਥਿਕ ਸ਼ੋਸ਼ਣ ਨਾ ਹੋ ਸਕੇ। ਮੈਕਡੌਵੇਲਜ਼ ਇੰਪੀਰੀਅਲ-ਬਲੂ 4800, ਆਰ. ਕੇ., ਆਰ. ਸੀ., ਸਟਰਲਿੰਗ, ਰਾਇਲ ਸਟੈਗ ਦੀ ਪੇਟੀ 6300 ਰੁਪਏ, ਆਰ. ਐੱਸ. ਬੈਰਲ 7400, ਬਲੈਂਡਰਜ਼ ਪ੍ਰਾਈਡ, ਰੌਕਫੋਰਡ, ਟੀਚਰਜ਼ ਦੀ ਪੇਟੀ 8400, ਬਲੈਂਡਰਜ਼ ਰਿਜ਼ਰਵ, ਐਂਟੀਕੁਇਟੀ 9500, ਵ੍ਹਾਟ-69 10,500, ਹਡ?ਰੇਡ-ਪੀਪਰ-12, ਬਲੈਕ-ਡੌਗ ਗੋਲਡ 20,300, ਬਲੈਕ ਲੇਬਲ, ਚਿਵਾਸ ਰੀਗਲ 28,600, ਜੇਨਫਿਡਿਚ, ਡਬਲ-ਬਲੈਕ, ਮੰਕੀ ਸ਼ੋਲਡਰ, ਸਿਰੋਕ ਵੋਡਕਾ, ਡਬਲ ਬਲੈਕ 35,000 ਰੁਪਏ ਪ੍ਰਤੀ ਪੇਟੀ ਦੀ ਉਕਤ ਦਰਾਂ ਤੋਂ ਪ੍ਰੋਗਰਾਮ ਵਿਚਕਾਰ ਖਪਤਕਾਰਾਂ ਲਈ ਰੇਟ ਤੈਅ ਕਰ ਦਿੱਤੇ ਗਏ ਹਨ। ਇਸ ਨਾਲ ਖਪਤਕਾਰਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਸਬੰਧੀ ਆਬਕਾਰੀ ਵਿਭਾਗ ਦੇ ਕਈ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਮੁੱਖ ਦਫ਼ਤਰ ਵੱਲੋਂ ਖਪਤਕਾਰਾਂ ਦੀ ਸਹੂਲਤ ਲਈ ਨਿਰਧਾਰਤ ਕੀਮਤਾਂ ਜਾਰੀ ਕੀਤੀਆਂ ਗਈਆਂ ਹਨ। ਜੇਕਰ ਕੋਈ ਸ਼ਰਾਬ ਵੇਚਣ ਵਾਲਾ ਇਸ ਪ੍ਰੋਗਰਾਮ ਲਈ ਇਸ ਤੋਂ ਵੱਧ ਕੀਮਤ ਦੀ ਮੰਗ ਕਰਦਾ ਹੈ, ਤਾਂ ਆਬਕਾਰੀ ਵਿਭਾਗ ਦੇ ਕਿਸੇ ਵੀ ਇੰਸਪੈਕਟਰ, ਜ਼ਿਲਾ ਆਬਕਾਰੀ ਅਧਿਕਾਰੀ ਜਾਂ ਉੱਚ ਅਧਿਕਾਰੀਆਂ ਨੂੰ ਤੁਰੰਤ ਸੂਚਿਤ ਕੀਤਾ ਜਾ ਸਕਦਾ ਹੈ। ਸ਼ਿਕਾਇਤ ਈਮੇਲ ਰਾਹੀਂ ਲਿਖਤੀ ਰੂਪ ਵਿੱਚ ਵੀ ਕੀਤੀ ਜਾ ਸਕਦੀ ਹੈ ਅਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਲੜਕੀ ਦੇ ਜਨਮ ਲਈ ਔਰਤ ਨਹੀਂ ਜ਼ਿੰਮੇਵਾਰ

ਪ੍ਰੋ. ਬਸੰਤ ਸਿੰਘ ਬਰਾੜ



ਹੈਰਾਨੀਜਨਕ ਅਤੇ ਪੜ੍ਹੇ-ਲਿਖੇ ਵਰਗ ਲਈ ਸ਼ਰਮਿੰਦਗੀ ਵਾਲੀ ਗੱਲ ਹੈ ਕਿ ਅੱਜ ਵੀ ਭਾਰਤ ਵਿਚ ਔਰਤਾਂ ਉੱਤੇ ਅਨੇਕ ਥਾਵਾਂ 'ਤੇ ਇਸ ਲਈ ਜ਼ੁਲਮ ਹੋ ਰਹੇ ਹਨ ਕਿ ਉਹ ਲੜਕੀਆਂ ਨੂੰ ਜਨਮ ਦਿੰਦੀਆਂ ਹਨ। ਜੀਵ-ਵਿਗਿਆਨ ਦੀ ਇਹ ਮੁੱਢਲੀ ਸਚਾਈ ਹੈ ਕਿ ਨਰ ਜਾਂ ਮਾਦਾ ਬੱਚੇ ਦੇ ਜਨਮ ਲਈ ਮਾਂ ਦਾ ਰੱਤੀ ਭਰ ਵੀ ਸਬੰਧ ਨਹੀਂ ਹੁੰਦਾ। ਇਸ ਦੇ ਲਈ ਸਿਰਫ਼ ਤਾਂ ਸਿਰਫ਼ ਨਰ ਜ਼ਿੰਮੇਵਾਰ ਹੁੰਦਾ ਹੈ। ਇਸ ਅਗਿਆਨਤਾ ਦੇ ਕਾਰਣ ਅਨੇਕ ਔਰਤਾਂ ਨੂੰ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ, ਤਲਾਕ ਹੋ ਜਾਂਦੇ ਹਨ ਅਤੇ ਕਈ ਪੀੜਤ ਮਾਵਾਂ ਆਤਮ-ਹੱਤਿਆ ਵੀ ਕਰ ਲੈਂਦੀਆਂ ਹਨ ਜਾਂ ਮਾਰ ਦਿੱਤੀਆਂ ਜਾਂਦੀਆਂ ਹਨ। ਇਹ ਘੋਰ ਬੇਇਨਸਾਫ਼ੀ ਹੀ ਨਹੀਂ ਸਗੋਂ ਗਊ-ਹੱਤਿਆ ਵਰਗਾ ਪਾਪ ਹੈ।

## ਤਸੀਹੇ ਅਤੇ ਤਾਹਨੇ

ਲੜਕੀਆਂ ਨੂੰ ਜਨਮ ਦੇਣ ਵਾਲੀਆਂ ਅਣਗਿਣਤ ਮਾਵਾਂ ਹਨ ਜੋ ਸਹੁਰੇ ਪਰਿਵਾਰ ਵਿਚ ਚੁੱਪ-ਚਾਪ ਕੁੱਟਮਾਰ, ਤਸੀਹੇ ਅਤੇ ਤਾਹਨੇ ਸਹੀ ਜਾਂਦੀਆਂ ਹਨ। ਭਾਰਤੀ ਸਮਾਜ ਵਿਚ ਇਕ ਲੜਕੇ ਤੋਂ ਬਗ਼ੈਰ ਪਰਿਵਾਰ ਸੰਪੂਰਨ ਨਹੀਂ ਸਮਝਿਆ ਜਾਂਦਾ ਕਿਉਂਕਿ ਉਸ ਨੂੰ ਵੰਸ਼ ਚਲਾਉਣ ਵਾਲਾ ਸਮਝਿਆ ਜਾਂਦਾ ਹੈ। ਇਸ ਅੰਧਵਿਸ਼ਵਾਸ ਦਾ ਸ਼ਿਕਾਰ ਸਿਰਫ਼ ਔਰਤਾਂ ਹੀ ਹੁੰਦੀਆਂ ਹਨ। 'ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੇ ਫੋਕੇ ਨਾਹਰੇ ਲਾ ਕੇ ਅਤੇ ਇਹ ਕਹਿ ਕੇ ਕਿ ਅੱਜ ਕੱਲ੍ਹ ਲੜਕੇ ਅਤੇ ਲੜਕੀ ਵਿਚ ਕੋਈ ਫ਼ਰਕ ਨਹੀ ਸਭ ਲੋਕ ਇਸ ਵਿਕਰਾਲ ਸਮੱਸਿਆ ਪ੍ਰਤੀ ਅਵੇਸਲੇ ਹੋ ਜਾਂਦੇ ਹਨ।

## ਧਾਰਮਿਕ ਪਰੰਪਰਾ

ਭਾਰਤ ਵਿਚ ਕਥਨੀ ਅਤੇ ਕਰਨੀ ਵਿਚ ਦਿਨ ਰਾਤ ਦਾ ਫ਼ਰਕ ਹੈ। ਧਾਰਮਿਕ ਪਰੰਪਰਾ ਅਨੁਸਾਰ ਔਰਤ ਨੂੰ ਦੇਵੀ ਅਤੇ ਮਾਤਾ ਦੀ ਪਦਵੀ ਦਿੱਤੀ ਜਾਂਦੀ ਹੈ। ਕਿਸੇ ਦੇਸ਼ ਵਿਚ ਇੰਨੀਆਂ ਦੇਵੀਆਂ ਨਹੀਂ ਪੂਜੀਆਂ ਜਾਂਦੀਆਂ ਜਿੰਨੀਆਂ ਭਾਰਤ ਵਿਚ ਪੂਜੀਆਂ ਜਾਂਦੀਆ ਹਨ। ਵੇਦਾਂ ਦੀ ਰਚਨਾਂ ਵਿਚ ਕਈ ਔਰਤਾਂ ਦਾ ਮਹੱਤਵਪੂਰਣ ਯੋਗਦਾਨ ਰਿਹਾ ਹੈ। ਵੈਦਿਕ ਕਾਲ ਵਿਚ ਔਰਤਾਂ ਦੀ ਹਾਜ਼ਰੀ ਤੋਂ ਬਗ਼ੈਰ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਸੀ। ਹੁਣ ਵੀ ਨਰਾਤਿਆਂ ਵਿਚ ਨਾਰੀ-ਸ਼ਕਤੀ ਦੀਆਂ ਪ੍ਰਤੀਕ ਦੇਵੀਆਂ ਦੀ ਪੂਜਾ ਕਰ ਕੇ ਕੰਜਕਾਂ ਖਵਾਈਆਂ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਔਰਤਾਂ ਨੂੰ ਉੱਚੀ ਪਦਵੀ ਬਖ਼ਸ਼ੀ। ਵਰਤਮਾਨ ਸਰਕਾਰਾਂ ਵੀ ਔਰਤਾਂ ਦੀ ਹਾਲਤ ਸੁਧਾਰਨ ਲਈ ਕੁਝ ਉਪਰਾਲੇ ਕਰ ਰਹੀਆਂ ਹਨ ਪ੍ਰੰਤੂ ਵਿਗਿਆਨਕ ਸੋਚ ਅਤੇ ਸਮਾਜਿਕ ਅਤੇ ਧਾਰਮਿਕ ਪ੍ਰਵਾਨਗੀ ਤੋਂ ਬਗ਼ੈਰ ਇਹ ਸਾਰਥਿਕ ਸਿੱਧ ਨਹੀਂ ਹੋ ਰਹੇ। ਕਲਪਨਾ ਚਾਵਲਾ ਵਰਗੀਆਂ ਇੱਕਾ-ਦੁੱਕਾ ਔਰਤਾਂ ਦੀਆਂ ਪ੍ਰਾਪਤੀਆਂ ਦੇ ਬਾਵਜੂਦ ਅਧਿਕਤਰ ਅਣਪੜ੍ਹ ਹੀ ਨਹੀਂ ਬਲਕਿ ਪੜ੍ਹੀਆਂ ਲਿਖੀਆਂ ਔਰਤਾਂ ਦੀ ਹਾਲਤ ਵੀ ਤਰਸਯੋਗ ਹੈ। ਇਹ ਸਥਿਤੀ ਨਾਲ ਨਜਿੱਠਣ ਲਈ ਕਈ ਸਮਾਜਿਕ ਸੰਸਥਾਵਾਂ ਕੰਮ ਕਰ ਰਹੀਆਂ ਹਨ।

### ਇਨਸਾਫ਼

*ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਇਨਸਾਫ਼ ਦਿਵਾਉਣ ਲਈ ਰਾਸ਼ਟਰੀ ਅਤੇ ਰਾਜ ਪੱਧਰਾਂ 'ਤੇ ਕਾਨੂੰਨੀ ਮਾਨਤਾ ਪ੍ਰਾਪਤ ਕਮਿਸ਼ਨ ਬਣੇ ਹੋਏ ਹਨ ਪ੍ਰੰਤੂ ਇਹ ਸਿਰਫ਼ ਦਹੇਜ, ਬਲਾਤਕਾਰ ਅਤੇ ਅਗਵਾ ਕਰਨ ਦੇ ਕੇਸਾਂ ਵਿਚ ਹੀ ਕੁਝ ਹੱਥ ਪੈਰ ਮਾਰਦੇ ਹਨ। ਹੋ ਸਕਦਾ ਹੈ ਕਿ ਇਸ ਬੁਰਾਈ ਦੀ ਗੰਭੀਰਤਾ ਅਤੇ ਵਿਸ਼ਾਲਤਾ ਬਾਰੇ ਪੜ੍ਹੇ ਲਿਖੇ ਸ਼ਹਿਰੀ ਵਰਗ ਨੂੰ ਅਨੁਮਾਨ ਹੀ ਨਾ ਹੋਵੇ ਕਿਉਂਕਿ ਕੁੜੀਆਂ ਦੀਆਂ ਮਾਵਾਂ ਉੱਤੇ ਸੱਸਾਂ, ਨਣਾਨਾਂ ਅਤੇ ਪਤੀਆਂ ਦਾ ਅੱਤਿਆਚਾਰ ਘਰਾਂ ਦੀਆਂ ਗੁੱਠਾਂ, ਬੋਲੀਆਂ ਕੰਧਾਂ ਅਤੇ ਬੰਦ ਦਰਵਾਜ਼ਿਆਂ ਪਿੱਛੇ ਹੁੰਦਾ ਹੈ ਅਤੇ ਇਨ੍ਹਾਂ ਬਦਕਿਸਮਤ ਔਰਤਾਂ ਦੇ ਸਿਰਫ਼ ਗਰਭਪਾਤ, ਕਤਲ, ਆਤਮ-ਹੱਤਿਆਵਾਂ ਅਤੇ ਤਲਾਕ ਦੀਆਂ ਕੁਝ ਕੁ ਖ਼ਬਰਾਂ ਹੀ ਮੀਡੀਆ ਦੇ ਸਾਹਮਣੇ ਆਉਂਦੀਆਂ ਹਨ। ਅਗਿਆਨਤਾ ਜਾਂ ਸਮਾਜਿਕ ਅਤੇ ਆਰਥਿਕ ਲਾਚਾਰੀ ਕਰਕੇ ਇਹ ਵਿਚਾਰੀਆਂ ਕਿਸੇ ਕੋਲ ਭਾਫ਼ ਹੀ ਨਹੀਂ ਕੱਢਦੀਆਂ।*

**ਵੈਦਿਕ ਕਾਲ ਵਿਚ ਔਰਤਾਂ ਦੀ ਹਾਜ਼ਰੀ ਤੋਂ ਬਗ਼ੈਰ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਸੀ। ਹੁਣ ਵੀ ਨਾਰੀ-ਸ਼ਕਤੀ ਦੀਆਂ ਪ੍ਰਤੀਕ ਦੇਵੀਆਂ ਦੀ ਪੂਜਾ ਕਰ ਕੇ ਕੰਜਕਾਂ ਖਵਾਈਆਂ ਜਾਂਦੀਆਂ ਹਨ...**

## ਅਗਿਆਨਤਾ

ਹਰ ਜੀਵ ਵਾਂਗ ਇਨਸਾਨ ਦੀ ਜਣਨ ਕਿਰਿਆ ਵੀ ਇੰਨੀ ਵਚਿੱਤਰ ਹੈ ਕਿ ਕੁਦਰਤ ਦੇ ਇਸ ਕ੍ਰਿਸ਼ਮੇ ਨੂੰ ਸਮਝ ਕੇ ਆਦਮੀ ਅਸ਼-ਅਸ਼ ਕਰ ਉਠਦਾ ਹੈ। ਇਕ ਬੱਚੇ ਦੇ ਜਨਮ ਲੈਣ ਵਿਚ ਕਿੰਨੇ ਹੀ ਚਮਤਕਾਰੀ ਰਸਾਇਣਕ ਅਤੇ ਸਰੀਰਕ ਪਰਿਵਰਤਨ ਅਤੇ ਅਮਲ ਯੋਗਦਾਨ ਪਾਉਂਦੇ ਹਨ। ਇੱਥੇ ਇਨ੍ਹਾਂ ਸਾਰੀਆਂ ਪੇਚੀਦਾ ਅਤੇ ਅਤਿ ਗੁੰਝਲਦਾਰ ਕਿਰਿਆਵਾਂ ਬਾਰੇ ਜਾਣਨ ਦੀ ਲੋੜ ਨਹੀਂ। ਸਿਰਫ਼ ਇਹ ਸਮਝਣਾ ਜ਼ਰੂਰੀ ਹੈ ਕਿ ਗਰਭ-ਧਾਰਣ ਸਮੇਂ ਬੱਚੇ ਦਾ ਨਰ ਜਾਂ ਮਾਦਾ ਲਿੰਗ ਕਿਵੇਂ ਨਿਰਧਾਰਤ ਹੁੰਦਾ ਹੈ। ਤੁਰੰਤ ਹੀ ਇਹ ਨਿਰਣਾ ਹੋ ਜਾਂਦਾ ਹੈ ਅਤੇ ਬਾਅਦ ਵਿਚ ਕੋਈ ਵੀ ਦਵਾਈ ਆਦਿ ਇਸ ਨੂੰ ਬਦਲ ਨਹੀਂ ਸਕਦੇ। ਲੋਕ ਅਗਿਆਨਤਾ ਵਿਚ ਹੀ ਅਖਾਉਤੀ ਸਾਧਾਂ-ਸੰਤਾਂ ਕੋਲ ਪੈਸੇ ਬਰਬਾਦ ਕਰਦੇ ਹਨ।

## ਜੀਵਨ ਦਾ ਮੁੱਢ

ਜੀਵਨ ਦਾ ਮੁੱਢ ਨਰ ਅਤੇ ਮਾਦਾ ਕਰੋਮੋਸੋਮਾਂ ਦੇ ਮਿਲਣ ਨਾਲ ਬਝਦਾ ਹੈ। ਇਨ੍ਹਾਂ ਦੀਆ ਦੋ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਵਰਣਮਾਲਾ ਦੇ ਐਕਸ ਅਤੇ ਵਾਈ ਅੱਖਰਾਂ ਨਾਲ ਦਰਸਾਇਆ ਜਾਂਦਾ ਹੈ। ਔਰਤ ਦੇ ਸਰੀਰ ਵਿਚ ਹਰ ਮਹੀਨੇ ਸਿਰਫ਼ ਇਕ ਓਵਮ ਪੈਦਾ ਹੁੰਦਾ ਹੈ ਜਿਸ ਨੂੰ ਪੰਜਾਬੀ ਵਿਚ ਅੰਡਾਣੂ ਜਾਂ ਆਂਡਾ ਕਿਹਾ ਜਾਂਦਾ ਹੈ। ਇਹ ਨਿਰੋਲ ਤੌਰ 'ਤੇ ਐਕਸ ਕਰੋਮੋਸੋਮਾਂ ਦਾ ਬਣਿਆ ਹੋਇਆ ਹੁੰਦਾ ਹੈ। ਇਸ ਦਾ ਆਪਣਾ ਕੋਈ ਲਿੰਗ ਨਹੀਂ ਹੁੰਦਾ ਅਰਥਾਤ ਇਹ ਨਾ ਨਰ ਹੁੰਦਾ ਹੈ ਨਾ ਮਾਦਾ। ਆਦਮੀ ਦੇ ਸਰੀਰ ਵਿਚ ਜੋ ਉਤਪਾਦਕ ਬੀਜ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਸਪਰਮ ਅਥਵਾ ਸ਼ੁਕਰਾਣੂ ਕਿਹਾ ਜਾਂਦਾ ਹੈ। ਇਹ ਐਕਸ ਅਤੇ ਵਾਈ ਦੋਹਾਂ ਕਿਸਮਾਂ ਦੇ ਹੁੰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਕਰੋੜਾਂ ਵਿੱਚ ਹੁੰਦੀ ਹੈ। ਹਰ ਇਕ ਸ਼ੁਕਰਾਣੂ ਵਿਚ ਜਾਂ ਤਾਂ ਨਿਰੋਲ ਐਕਸ ਕਰੋਮੋਸੋਮ ਹੁੰਦੇ ਹਨ ਅਤੇ ਜਾਂ ਨਿਰੋਲ ਵਾਈ ਕਰੋਮੋਸੋਮ ਹੁੰਦੇ ਹਨ।

ਇਨ੍ਹਾਂ ਅਣਗਿਣਤ ਸ਼ੁਕਰਾਣੂਆਂ 'ਚੋਂ ਸਿਰਫ਼ ਇਕ ਸ਼ੁਕਰਾਣੂ ਅੱਗੇ ਤੈਰ ਕੇ ਔਰਤ ਦੇ ਅੰਡਾਣੂ ਨਾਲ ਜੁੜ ਜਾਂਦਾ ਹੈ ਅਤੇ ਜੀਵਨ ਲੀਲ੍ਹਾ ਦੀ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ। ਜੇਕਰ ਉਹ ਸ਼ੁਕਰਾਣੂ ਵਾਈ ਕਰੋਮੋਸੋਮਾਂ ਵਾਲਾ ਹੋਵੇ ਤਾਂ ਲੜਕਾ ਪੈਦਾ ਹੁੰਦਾ ਹੈ ਅਰਥਾਤ ਔਰਤ ਦੇ ਐਕਸ ਅਤੇ ਆਦਮੀ ਦੇ ਵਾਈ ਕਰੋਮੋਸੋਮ ਦੇ ਜੁੜਨ ਨਾਲ ਲੜਕੇ ਦੀ ਸਿਰਜਨਾ ਹੁੰਦੀ ਹੈ। ਇਸ ਦੇ ਉਲਟ ਜੇਕਰ ਔਰਤ ਦੇ ਐਕਸ ਕਰੋਮੋਸੋਮਾਂ ਵਾਲੇ ਅੰਡਾਣੂ ਨਾਲ ਆਦਮੀ ਦਾ ਐਕਸ ਕਰੋਮੋਸੋਮਾਂ ਵਾਲਾ ਸ਼ੁਕਰਾਣੂ ਜੁੜ ਜਾਵੇ ਤਾਂ ਲੜਕੀ ਪੈਦਾ ਹੁੰਦੀ ਹੈ ਦੱਸੋ ਕਿ ਲੜਕੀ ਨੂੰ ਜਨਮ ਦੇਣ ਵਿਚ ਵਿਚਾਰੀ ਔਰਤ ਦਾ ਕੀ ਕਸੂਰ ਹੁੰਦਾ ਹੈ। ਇਸ ਸਾਧਾਰਣ ਜਿਹੇ ਤੱਥ ਬਾਰੇ ਅਗਿਆਨਤਾ ਹੋਣ ਕਰਕੇ ਦੇਸ਼ਾਂ ਵਿਚ ਲੱਖਾਂ ਔਰਤਾਂ ਦੇ ਜੀਵਨ ਬਰਬਾਦ ਹੋ ਜਾਂਦੇ ਹਨ। ਇਹ ਜਾਗਰੂਕਤਾ ਪੈਦਾ ਕਰਨ ਲਈ ਮੀਡੀਆ ਪ੍ਰਯੋਗ ਕਰਨਾ ਚਾਹੀਦਾ ਹੈ।

## ਗੰਭੀਰ ਖ਼ਤਰਾ

ਅੱਜ ਕੱਲ੍ਹ ਬੇਔਲਾਦ ਜੋੜਿਆਂ ਵਿਚ ਟੈਸਟ ਟਿਊਬ ਬੇਬੀ ਪੈਦਾ ਕਰਨ ਦੀ ਪ੍ਰਣਾਲੀ ਵਰਦਾਨ ਸਿੱਧ ਹੋ ਰਹੀ ਹੈ, ਪਰ ਇਹ ਪ੍ਰਣਾਲੀ ਇਕ ਗੰਭੀਰ ਖ਼ਤਰਾ ਵੀ ਪੈਦਾ ਕਰ ਰਹੀ ਹੈ। ਅਜੇ ਤਕ ਆਦਮੀ ਦੇ ਅਤਿ-ਸੂਖਮ ਐਕਸ ਅਤੇ ਵਾਈ ਕਰੋਮੋਸੋਮਾਂ ਵਾਲੇ ਸ਼ੁਕਰਾਣੂਆਂ ਨੂੰ ਅਲੱਗ ਕਰ ਕੇ ਇੱਛਾ ਅਨੁਸਾਰ ਪ੍ਰਯੋਗ ਕਰਨ ਦੀ ਵਿਧੀ ਸ਼ੁਰੂ ਨਹੀਂ ਹੋਈ। ਜੇ ਅਜੇਹੀ ਤਕਨੀਕ ਚੱਲ ਪਈ ਤਾਂ ਭਾਰਤ ਵਰਗੇ ਸਿਰਫ਼ ਲੜਕੇ ਚਾਹੁਣ ਵਾਲੇ ਦੇਸ਼ ਵਿਚ ਹਰ ਪਾਸੇ ਲੜਕੇ ਹੀ ਲੜਕੇ ਵਿਖਾਈ ਦੇਣ ਦੀ ਨੌਬਤ ਆ ਸਕਦੀ ਹੈ। ਦੂਰਅੰਦੇਸ਼ ਬਰਤਾਨਵੀ ਲੇਖਕ ਆਲਡਸ ਹਕਸਲੀ ਨੇ ਆਪਣੇ 1932 ਵਿਚ ਛਪੇ ਨਾਵਲ ਵਿਚ ਇਸ ਖ਼ਤਰੇ ਬਾਰੇ ਚਿਤਾਵਨੀ ਦੇ ਦਿੱਤੀ ਸੀ। ਚੀਨ ਵਿਚ ਇਸ ਵਿਧੀ ਬਾਰੇ ਗੱਲ ਚੱਲ ਪਈ ਹੈ। ਭਾਰਤ ਵਿਚ ਵੀ ਅਣਚਾਹੇ ਢੱਠਿਆਂ ਦੀ ਵਧ ਰਹੀ ਗਿਣਤੀ ਤੋਂ ਬਚਣ ਲਈ ਗਊਆਂ ਉੱਤੇ ਇਹ ਪ੍ਰਯੋਗ ਕਰਨ ਦੀ ਗੱਲ ਚੱਲ ਰਹੀ ਹੈ ਤਾਂ ਕਿ ਉਹ ਸਿਰਫ਼ ਵੱਛੀਆਂ ਹੀ ਪੈਦਾ ਕਰਨ। ਜੇ ਅਜੇਹਾ ਹੋ ਗਿਆ ਤਾਂ ਅੱਗੇ ਮਨੁੱਖਾਂ ਤਕ ਇਹ ਵਿਧੀ ਪਹੁੰਚਣ ਵਿਚ ਦੇਰ ਨਹੀਂ ਲੱਗੇਗੀ। •

98149-41214

### ਪੜ੍ਹੇ-ਲਿਖੇ ਲੋਕ

ਗਰਭ-ਧਾਰਣ ਸਮੇਂ ਮੁੰਡੇ ਜਾਂ ਕੁੜੀ ਦਾ ਲਿੰਗ ਕਿਸ ਤਰ੍ਹਾਂ ਨਿਰਧਾਰਤ ਹੁੰਦਾ ਹੈ, ਇਸ ਪ੍ਰਕਿਰਿਆ ਨੂੰ ਸਮਝਾਉਣ ਲਈ ਥੋੜ੍ਹੀ ਬੇਬਾਕੀ ਦੀ ਲੋੜ ਪੈਂਦੀ ਹੈ। ਸ਼ਾਇਦ ਇਸ ਬਾਰੇ ਗਿਆਨ ਰੱਖਣ ਵਾਲੇ ਅਧਿਕਤਰ ਪੜ੍ਹੇ-ਲਿਖੇ ਲੋਕ ਇਸ ਵਿਸ਼ੇ 'ਤੇ ਲਿਖਣ ਜਾਂ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ ਜਾਂ ਉਨ੍ਹਾਂ ਕੋਲ ਭਾਰਤੀ ਭਾਸ਼ਾਵਾਂ ਦਾ ਉਚਿਤ ਸ਼ਬਦ-ਭੰਡਾਰ ਨਹੀਂ ਹੁੰਦਾ। ਜਦ ਇਹ ਵਿਸ਼ਾ ਜੀਵ-ਵਿਗਿਆਨ ਦੇ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਸਕਦਾ ਹੈ ਤਾਂ ਸਬੰਧਤ ਬਾਲਗ਼ਾਂ ਨੂੰ ਸਮਝਾਉਣ ਵਿਚ ਸੰਗ ਸ਼ਰਮ ਵਾਲੀ ਕਿਹੜੀ ਗੱਲ ਹੈ? ਸਗੋਂ ਸਾਰੇ ਸੂਝਵਾਨ ਲੋਕਾਂ ਨੂੰ ਇਸ ਅਟੱਲ ਸਚਾਈ ਬਾਰੇ ਭਾਸ਼ਣ ਦੇਣੇ ਚਾਹੀਦੇ ਹਨ ਅਤੇ ਪੋਸਟਰ ਲਗਾਉਣੇ ਚਾਹੀਦੇ ਹਨ। ਔਰਤ ਦੀ ਨਿਰਦੋਸ਼ਤਾ ਬਾਰੇ ਚਾਨਣ ਪਾਉਣਾ ਬਹੁਤ ਪੁੰਨ ਦਾ ਕੰਮ ਹੈ। ਆਖ਼ਰ ਲੱਖਾਂ ਔਰਤਾਂ ਲਈ ਇਹ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੁੰਦਾ ਹੈ।






# ਕੁੜੀਆਂ ਜਦੋਂ ਹੋਈਆਂ ਖ਼ੁਸ਼ੀ 'ਚ ਖੀਵੀਆਂ

ਸਰਕਾਰੀ ਸਕੂਲਾਂ ਵਿਚ ਸਿੱਖਿਆ ਮਹਿਕਮੇ ਵੱਲੋਂ ਜਿੱਥੇ ਸਮੇਂ-ਸਮੇਂ ਪੜ੍ਹਾਈ ਦਾ ਮਿਆਰ ਉੱਪਰ ਚੁੱਕਣ ਦਾ ਉਪਰਾਲਾ ਕੀਤਾ ਜਾਂਦਾ ਹੈ ਉੱਥੇ ਇਸ ਵਾਰ ਇਕ ਆਦੇਸ਼ ਜਾਰੀ ਹੋਇਆ ਸਕੂਲਾਂ ਵਿਚ ਜਨਵਰੀ ਮਹੀਨੇ ਦੀ ਕਿਸੇ ਵੀ ਤਰੀਕ ਨੂੰ ਇਨਾਮ ਵੰਡ ਸਮਾਰੋਹ ਕਰਵਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਿਛਲੇ ਸਾਲ ਦੀ ਪ੍ਰਾਪਤੀ ਲਈ ਇਨਾਮ ਦੇ ਕੇ ਪ੍ਰੇਰਿਆ ਜਾਵੇ। ਇਸ ਕਦਮ ਨਾਲ ਦੋ ਉਦੇਸ਼ ਪੂਰੇ ਹੁੰਦੇ ਹਨ ਇਕ ਤਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਹੁੰਦੀ ਹੈ ਦੂਜੇ ਮਾਪਿਆਂ ਦੇ ਨਾਲ-ਨਾਲ ਪਿੰਡ ਦੀਆਂ ਪੰਚਾਇਤਾਂ ਦਾ ਮੇਲ ਮਿਲਾਪ ਵਧਦਾ ਹੈ ਅਤੇ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਇਜ਼ਾਫ਼ਾ ਹੋਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ। ਸਾਡਾ ਸਕੂਲ ਲੜਕੀਆਂ ਦਾ ਸਕੂਲ ਹੋਣ ਕਰਕੇ ਸਾਨੂੰ ਮੁੱਖ ਮਹਿਮਾਨ ਦੀ ਚੋਣ ਕਰਨ ਵਿਚ ਬਹੁਤ ਹੀ ਸੁਚੇਤ ਰਹਿਣਾ ਪੈਂਦਾ ਹੈ। ਸਾਡੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਨੀ ਰਾਮ ਪੰਜਾਬੀ ਸਾਹਿਤ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਦੀ ਕੋਸ਼ਿਸ਼ ਸ਼ੁਰੂ ਤੋਂ ਹੀ ਰਹੀ ਹੈ ਕਿ ਮੁੱਖ ਮਹਿਮਾਨ ਸਾਹਿਤਕ ਖਿੱਤੇ ਵਿੱਚੋਂ ਹੋਵੇ। ਇਸ ਵਾਰੀ ਪੰਜਾਬੀ ਸਾਹਿਤ ਦੀ ਪ੍ਰਸਿੱਧ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਸਾਡੇ ਵਿਹੜੇ ਦੀ ਸ਼ਾਨ ਬਣਨ ਜਾ ਰਹੇ ਸਨ। ਉਨ੍ਹਾਂ ਦੀ ਮੁੱਖ ਮਹਿਮਾਨ ਦੀ ਚੋਣ ਸਾਡੇ ਕੰਨਿਆ ਸਕੂਲ ਲਈ ਢੁਕਵੀਂ ਸੀ।

ਔਰਤਾਂ ਤੇ ਕੁੜੀਆਂ ਦੇ ਹੱਕਾਂ ਦੀ ਤਰਜਮਾਨੀ ਉਨ੍ਹਾਂ ਦੀਆਂ ਨਜ਼ਮਾਂ ਤੇ ਗ਼ਜ਼ਲਾਂ ਕਰਦੀਆਂ ਰਹੀਆਂ ਹਨ। ਸਾਡਾ ਸਾਰਾ ਸਕੂਲ ਪੱਬਾਂ ਭਾਰ ਹੋ ਕੇ ਤਿਆਰੀਆਂ ਵਿਚ ਲੱਗ ਗਿਆ। ਸਕੂਲ ਦੇ ਪੰਜਾਬੀ ਲੈਕਚਰਾਰ ਡਾ. ਪਰਮਜੀਤ ਕੌਰ ਦੇ ਹੱਥ ਸੱਭਿਆਚਾਰਕ ਪ੍ਰੋਗਰਾਮ ਨੂੰ ਵਧੀਆ ਨੇਪਰੇ ਚਾੜ੍ਹਨ ਦੀ ਪੂਰੀ ਕਮਾਨ ਸੀ। ਉਨ੍ਹਾਂ ਨੂੰ ਸਹਿਯੋਗ ਮੈਡਮ ਜਸਵਿੰਦਰ ਕੌਰ ਤੇ ਜਸਵਿੰਦਰ ਕੌਰ ਦੇ ਰਹੇ ਸਨ ਜਿਨ੍ਹਾਂ ਦਾ ਪੰਜਾਬੀ ਸਾਹਿਤ ਨਾਲ ਕਾਫ਼ੀ ਲਗਾਅ ਸੀ। ਵਿਦਿਆਰਥਣਾਂ ਦੇ ਚਿਹਰਿਆਂ 'ਤੇ ਰੌਣਕ ਸੀ ਉਹ ਖ਼ੁਸ਼ੀ ਵਿਚ ਖੀਵੀਆਂ ਹੋਈਆਂ ਸਮਾਰੋਹ ਦਾ ਦਿਨ ਉਡੀਕ ਰਹੀਆਂ ਸਨ। ਸਮਾਰੋਹ ਤੋਂ ਦੋ ਦਿਨ ਪਹਿਲਾਂ ਅੱਧੀ ਛੁੱਟੀ ਤੋਂ ਬਾਅਦ ਪ੍ਰਿੰਸੀਪਲ ਨੇ ਸਾਰੇ ਅਧਿਆਪਕਾਂ ਦੀ ਮੀਟਿੰਗ ਲੈ ਕੇ ਉਨ੍ਹਾਂ ਨੂੰ ਡਿਊਟੀਆਂ ਵੰਡ ਦਿੱਤੀਆਂ। ਪੰਡਾਲ ਪੂਰੀ ਤਰ੍ਹਾਂ ਆਲੇ-ਦੁਆਲੇ ਦੇ ਪਿੰਡਾਂ ਦੀਆਂ ਪੰਚਾਇਤਾਂ, ਮਾਪਿਆਂ ਅਤੇ ਨਾਲ ਦੇ ਸਕੂਲਾਂ ਦੇ ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨਾਲ ਭਰ ਗਿਆ। ਸਟੇਜ ਦੇ ਐਨ ਸਾਹਮਣੇ ਰੱਖੇ ਸੋਫੇ 'ਤੇ ਮੁੱਖ ਮਹਿਮਾਨ ਸੁਸ਼ੋਭਿਤ ਹੋ ਗਏ। ਸਟੇਜ ਪੂਰੀ ਤਰ੍ਹਾਂ ਸੱਜੀ ਹੋਈ ਸੀ। ਸਟੇਜ ਦੀ ਵਧੀਆ ਦਿੱਖ ਬਣਾਉਣ ਵਿਚ ਮੈਡਮ ਮਮਤਾ, ਵੀਨਾ ਤੇ ਨੀਲਮ ਦਾ ਕਾਫ਼ੀ ਯੋਗਦਾਨ ਰਿਹਾ। ਬੱਚਿਆਂ ਵਿਚ ਅਨੁਸ਼ਾਸਨ ਕਾਇਮ ਰੱਖਣ ਦੀ ਪੂਰੀ ਜ਼ਿੰਮੇਵਾਰੀ ਲੈਕਚਰਾਰ ਹਰਪ੍ਰੀਤ ਕੌਰ ਅਤੇ ਸਤਵੀਰ ਸਿੰਘ ਨੇ ਨਿਭਾਈ। ਪੰਡਾਲ ਵਿਚ ਵੱਖ-ਵੱਖ ਚਾਰਟਾਂ 'ਤੇ ਮੁੱਖ ਮਹਿਮਾਨ ਦੀਆਂ ਨਜ਼ਮਾਂ ਦੀਆਂ ਸਤਰਾਂ ਸਮਾਰੋਹ ਦੀ ਰੌਣਕ ਵਧਾ ਰਹੀਆਂ ਸਨ ਜਿਨ੍ਹਾਂ ਨੂੰ ਮੈਡਮ ਗੀਤਾਂਜਲੀ ਅਤੇ ਰਾਜਵਿੰਦਰ ਨੇ ਬੜੀ ਮਿਹਨਤ ਨਾਲ ਤਿਆਰ ਕਰਵਾਇਆ ਸੀ। ਸਟੇਜ ਦਾ ਮੰਚ ਸੰਚਾਲਨ ਡਾ. ਪਰਮਜੀਤ ਕੌਰ ਕਰ ਰਹੇ ਸਨ ਜੋ ਸਟੇਜ ਵਾਲੀ ਭੂਮਿਕਾ ਨਿਭਾਉਣਾ ਬਾਖ਼ੂਬੀ ਜਾਣਦੇ ਸਨ ਸਭ ਤੋਂ ਪਹਿਲਾਂ ਸ਼ਬਦ ਗਾਇਣ ਕੀਤਾ ਗਿਆ। ਸ਼ਬਦ ਗਾਇਣ ਤੋਂ ਬਾਅਦ ਮੈਨੂੰ ਸਟੇਜ 'ਤੇ ਸਵਾਗਤੀ ਭਾਸ਼ਣ ਲਈ ਬੁਲਾਇਆ ਗਿਆ। ਸੰਖੇਪ ਵਿਚ ਮੁੱਖ ਮਹਿਮਾਨ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਕੇ ਮੈਂ ਵਾਪਸ ਆਪਣੇ ਅਧਿਆਪਕ ਸਾਥੀਆਂ ਨਾਲ ਜਾ ਕੇ ਬੈਠ ਗਿਆ।

**ਸਾਰਿਆਂ ਦਾ ਧਿਆਨ ਮੁੱਖ ਮਹਿਮਾਨ 'ਸੁਖਵਿੰਦਰ ਅੰਮ੍ਰਿਤ' ਨੂੰ ਸੁਣਨ ਵੱਲ ਸੀ। ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਕਿਵੇਂ ਉਹ ਸੰਘਰਸ਼ਮਈ ਦੌਰ 'ਚੋਂ ਲੰਘਦੇ ਹੋਏ ਖ਼ਾਸ ਮੁਕਾਮ ਹਾਸਲ ਕਰਨ 'ਚ ਸਫ਼ਲ ਹੋਏ ਹਨ...**

ਮੇਰੇ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਬੱਚਿਆਂ ਵੱਲੋਂ ਪੇਸ਼ ਕੀਤਾ। ਇਸ ਸਾਹਿਤਕ ਮਾਹੌਲ ਵਿਚ ਬੱਚਿਆਂ ਨੇ ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹੀਆਂ। ਰੰਗਾਰੰਗ ਪ੍ਰੋਗਰਾਮ ਵੇਖਣ ਵਾਲਾ ਸੀ। ਸਕੂਲ ਦੇ ਪ੍ਰਿੰਸੀਪਲ ਮਨੀ ਰਾਮ ਨੇ ਸਕੂਲ ਦੀ ਸਲਾਨਾ ਪ੍ਰਗਤੀ ਰਿਪੋਰਟ ਪੜ੍ਹੀ। ਸਾਰੀਆਂ ਪ੍ਰਾਪਤੀਆਂ ਵਿੱਚੋਂ ਵਿਸ਼ੇਸ਼ ਪ੍ਰਾਪਤੀ ਸਾਡੇ ਸਕੂਲ ਦੀਆਂ ਲੜਕੀਆਂ ਕਬੱਡੀ ਦੇ ਅੰਡਰ 14 ਵਰਗ ਵਿੱਚੋਂ ਸਟੇਟ ਵਿੱਚੋਂ ਤੀਜੇ ਨੰਬਰ 'ਤੇ ਰਹੀ ਅਤੇ ਦੋ ਲੜਕੀਆਂ ਨੇ ਨੈਸ਼ਨਲ ਲਈ ਕੁਆਲੀਫਾਈ ਕੀਤਾ। ਇਸ ਤੋਂ ਇਲਾਵਾ ਹੋਰ ਖੇਡਾਂ ਵਿਚ ਜ਼ਿਲ੍ਹੇ ਵਿੱਚੋਂ ਪਹਿਲੀਆਂ ਪੁਜ਼ੀਸ਼ਨਾਂ ਲਈ ਬੱਚਿਆਂ ਨੂੰ ਇਨਾਮ ਦਿੱਤੇ ਗਏ। ਅਕਾਦਮਿਕ ਖੇਤਰ ਵਿਚ ਵੀ 80 ਪ੍ਰਤੀਸ਼ਤ ਤੋਂ ਜ਼ਿਆਦਾ ਨੰਬਰ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਮਿਲਿਆ। ਸਾਡੇ ਸਕੂਲ ਦੇ ਬਾਬਾ ਬੋਹੜ ਸਾਇੰਸ ਮਾਸਟਰ ਸ੍ਰੀ ਜੀਵਨ ਦਾਸ ਨੂੰ ਉਨ੍ਹਾਂ ਦੀ ਸਕੂਲ ਵਿਚ ਸ਼ਾਨਦਾਰ ਸੇਵਾ ਲਈ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਕਬੱਡੀ ਕੋਚ ਹਰਪ੍ਰੀਤ ਕੌਰ ਨੂੰ ਵੀ ਇਨਾਮ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਲੈਕਚਰਾਰ ਮਨਜੀਤ ਸਿੰਘ ਬਲਬੀਰ ਸਟੇਜ 'ਤੇ ਇਨਾਮ ਵੰਡਾਉਣ ਵਿਚ ਮਸਰੂਫ਼ ਰਹੇ। ਸਾਰਿਆਂ ਦਾ ਧਿਆਨ ਮੁੱਖ ਮਹਿਮਾਨ ਸੁਖਵਿੰਦਰ ਅੰਮ੍ਰਿਤ ਵੱਲ ਸੀ ਜਿਨ੍ਹਾਂ ਨੂੰ ਸੁਣਨ ਲਈ ਸਾਰੇ ਕਾਹਲੇ ਸਨ। ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿਵੇਂ ਉਹ ਸੰਘਰਸ਼ਮਈ ਦੌਰ 'ਚੋਂ ਲੰਘਦੇ ਹੋਏ ਖ਼ਾਸ ਮੁਕਾਮ ਨੂੰ ਹਾਸਲ ਕਰਨ 'ਚ ਸਫ਼ਲ ਹੋਏ ਹਨ। ਉਨ੍ਹਾਂ ਨੇ ਆਪਣੀਆਂ ਗ਼ਜ਼ਲਾਂ ਵਿੱਚੋਂ ਕੁਝ ਸ਼ੇਅਰ ਸੁਣਾਏ ਜਿਸ ਦਾ ਹਰ ਹਾਜ਼ਰ ਵਿਅਕਤੀ ਨੇ ਲੁਤਫ਼ ਉਠਾਇਆ। ਪ੍ਰਿੰਸੀਪਲ ਸਾਹਿਬ ਨੇ ਮੁੱਖ ਮਹਿਮਾਨ ਨੂੰ ਵਿਸ਼ੇਸ਼ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਤੇ ਲੈਕਚਰਾਰ ਬਲਬੀਰ ਨੇ ਮੁੱਖ ਮਹਿਮਾਨ, ਮਾਪਿਆਂ ਅਤੇ ਬਾਹਰੋਂ ਆਏ ਪੰਚਾਂ, ਸਰਪੰਚਾਂ ਦਾ ਧੰਨਵਾਦ ਕੀਤਾ। ਵਿਦਾਈ ਤੋਂ ਪਹਿਲਾਂ ਕੁੜੀਆਂ ਤੇ ਸਟਾਫ਼ ਮੈਂਬਰਾਂ ਨੇ ਸੁਖਵਿੰਦਰ ਅੰਮ੍ਰਿਤ ਨਾਲ ਗਰੁੱਪ ਫੋਟੋ ਕਰਵਾਈ। ਇਸ ਸਮਾਰੋਹ ਦੀਆਂ ਯਾਦਾਂ ਲੰਬੇ ਸਮੇਂ ਤੱਕ ਯਾਦਾਂ 'ਚ ਤਾਜ਼ਾ ਰਹਿਣਗੀਆਂ।

• ਨਵਦੀਪ ਸਿੰਘ ਭਾਟੀਆ
98767-29056

# ਮਾਣ-ਸਤਿਕਾਰ ਦਾ ਚਿੰਨ੍ਹ ਚਾਹ-ਪਾਣੀ ਪੁੱਛਣਾ

ਅੰਮ੍ਰਿਤ ਪਾਲ

**ਜਦੋਂ ਕਿਸੇ ਦੁਆਰਾ ਨਾ ਕੀਤੇ ਗਏ ਸਤਿਕਾਰ ਦੇ ਭਾਵ ਉਜਾਗਰ ਕਰਨੇ ਹੋਣ ਤਾਂ ਅਸੀਂ ਕਹਿੰਦੇ ਹਾਂ ਬਈ ਮੈਂ ਉਸ ਨੂੰ ਮਿਲਣ ਗਿਆ ਉਸ ਨੇ ਤਾਂ ਚਾਹ ਦਾ ਕੱਪ ਵੀ ਨਹੀਂ ਪਿਲਾਇਆ ਤੇ ਮੈਂ ਉਨ੍ਹੀਂ ਪੈਰੀਂ ਵਾਪਸ ਆ ਗਿਆ...**



ਚਾਹ ਦਾ ਇਤਿਹਾਸ ਸਦੀਆਂ ਪੁਰਾਣਾ ਹੈ ਇਸ ਦੀ ਖੋਜ ਅਤੇ ਵਿਕਾਸ ਨਾਲ ਸਬੰਧਿਤ ਕਈ ਰੋਚਕ ਤੱਥ ਹਨ। ਇਸ ਦੇ ਵਿਕਾਸ ਵਿਚ ਕਈ ਦੇਸ਼ਾਂ ਦਾ ਯੋਗਦਾਨ ਹੈ। ਜਿੱਥੋਂ ਤਕ ਇਸ ਦੇ ਸੇਵਨ ਦਾ ਸਵਾਲ ਹੈ ਇਸ ਨਾਲ ਸਬੰਧਿਤ ਵੀ ਸਭਨਾ ਦਾ ਆਪੋ ਆਪਣਾ ਨਜ਼ਰੀਆ ਹੈ। ਕਈਆਂ ਦੀ ਦ੍ਰਿਸ਼ਟੀ ਵਿਚ ਚਾਹ ਊਰਜਾ ਦੇ ਸਰੋਤ ਵਜੋਂ ਸੁਸਤੀ ਭਜਾਕੇ ਚੁਸਤੀ-ਫੁਰਤੀ ਲਿਆਉਂਦੀ ਹੈ ਪਰ ਕਈਆਂ ਅਨੁਸਾਰ ਇਹ ਸਿਹਤ ਲਈ ਹਾਨੀਕਾਰਕ ਸ਼ੈਅ ਹੈ। ਕਈਆਂ ਦੀ ਅੱਖ ਚਾਹ ਦੀਆਂ ਚੁਸਕੀਆਂ ਭਰਦੇ ਪੂਰੀ ਤਰ੍ਹਾਂ ਖੁੱਲ੍ਹਦੀ ਹੈ ਅਤੇ ਕਈਆ ਨੂੰ ਚਾਹ ਪੀਤੇ ਵਗੈਰ ਨੀਂਦ ਨਹੀਂ ਆਉਂਦੀ। ਡਾਕਟਰੀ ਦ੍ਰਿਸ਼ਟੀਕੋਣ ਤੋਂ ਵੀ ਇਸ ਦੇ ਚੰਗੇ ਮਾੜੇ ਦੋਵੇਂ ਪੱਖ ਹਨ।

ਕੁਝ ਵੀ ਹੋਵੇ ਚਾਹ ਅਜਿਹਾ ਸ਼ਬਦ ਹੈ ਜਿਸ ਦਾ ਜ਼ਿਕਰ ਦਿਨ ਵਿਚ ਅਸੀਂ ਕਈ ਵਾਰ ਕਰਦੇ ਹਾਂ। ਇਸ ਦੀ ਸਮਾਜਿਕ ਸਬੰਧਾਂ ਵਿਚ ਇਕ ਬਿਲਕੁਲ ਅਲੱਗ ਤਰ੍ਹਾਂ ਦੇ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ। ਚਾਹ ਸਿਰਫ਼ ਪਾਣੀ, ਖੰਡ, ਚਾਹਪੱਤੀ, ਦੁੱਧ ਆਦਿ ਪਾ ਕੇ ਕਾੜ੍ਹਿਆ ਅਤੇ ਉਬਾਲਿਆ ਮਿਸ਼ਰਣ ਹੀ ਨਹੀਂ, ਸਗੋਂ ਸਾਡੇ ਸਮਾਜਿਕ ਜੀਵਨ ਵਿਚ ਮਾਣ ਸਤਿਕਾਰ ਦੀ ਤਰਜਮਾਨੀ ਕਰਦਾ ਸਦੀਆਂ ਪੁਰਾਣਾ ਪ੍ਰਤੀਕ ਜਾਂ ਚਿੰਨ੍ਹ ਵੀ ਹੈ ਕਿਸੇ ਨੂੰ ਚਾਹ ਪੀਣ ਬਾਰੇ ਪੁੱਛਣਾ ਸਿਰਫ਼ ਸ਼ਬਦਾਂ ਦਾ ਸਮੂਹ ਨਹੀਂ ਬਲਕਿ ਸਾਹਮਣੇ ਵਾਲੇ ਵਿਅਕਤੀ ਨੂੰ ਦਿੱਤੀ ਇੱਜ਼ਤ-ਮਾਣ ਦਾ ਸਮਾਜਿਕ ਚਿੰਨ੍ਹ ਵੀ ਹੈ ਕਿਉਂਕਿ ਚਾਹ ਕੋਈ ਬਹੁਤੀ ਮਹਿੰਗੀ ਚੀਜ਼ ਨਹੀਂ ਜਾਂ ਚਾਹ ਲੋਕੀ ਆਪਣੇ ਘਰ ਵੀ ਪੀਂਦੇ ਹਨ ਪਰ ਚਾਹ ਪੀਣ ਬਾਰੇ ਪੁੱਛਣ ਪਿੱਛੇ ਮਾਣ-ਸਤਿਕਾਰ ਦੇ ਭਾਵ ਛੁਪੇ ਹੁੰਦੇ ਹਨ

ਜਦੋਂ ਕਿਸੇ ਖ਼ਾਸ ਵਿਅਕਤੀ ਦੁਆਰਾ ਨਾ ਕੀਤੇ ਗਏ ਸਤਿਕਾਰ ਦੇ ਭਾਵ ਉਜਾਗਰ ਕਰਨੇ ਹੋਣ ਤਾਂ ਅਸੀਂ ਕਹਿੰਦੇ ਹਾਂ ਬਈ, 'ਉਸ ਨੇ ਤਾਂ ਚਾਹ ਵੀ ਨਹੀਂ ਪੁੱਛੀ' ਜਾਂ ਮੈਂ ਐਨਾ ਪੈਂਡਾ ਤਹਿ ਕਰ ਕੇ ਉਸ ਨੂੰ ਮਿਲਣ ਗਿਆ ਉਸ ਨੇ ਤਾਂ ਚਾਹ ਦਾ ਕੱਪ ਵੀ ਨਹੀਂ ਪਿਲਾਇਆ, ਮੈਂ ਉਨੀ ਪੈਰੀਂ ਵਾਪਸ ਆ ਗਿਆ। ਜੇ ਕਿਸੇ ਦੁਆਰਾ ਮਾਣ-ਸਤਿਕਾਰ ਨਾਲ ਸਬੰਧਿਤ ਦਿਖਾਏ ਭਾਵਾਂ ਬਾਰੇ ਦੱਸਣਾ ਹੋਵੇ ਤਾਂ ਅਸੀ ਕਹਿੰਦੇ ਹਾਂ ਮੈਂ ਬਥੇਰਾ ਕਿਹਾ ਪਰ ਮੱਲੋਜ਼ੋਰੀ ਮਿੰਟ 'ਚ ਚਾਹ ਮਗਵਾ ਲਈ, ਮੈਨੂੰ ਚਾਹ ਪਿਆ ਕੇ ਹੀ ਦਮ ਲਿਆ। ਜੋ ਰੁੱਖੇ, ਅਮੀਰ, ਕੰਜੂਸ, ਇੱਜ਼ਤ ਮਾਣ ਜਹੇ ਭਾਵਾਂ ਤੋਂ ਸੱਖਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਮਿੱਤਰਾਂ ਬਾਰੇ ਦੱਸਣਾ ਹੋਵੇ ਤਾਂ ਅਸੀ ਕਹਿੰਦੇ ਹਾਂ ਕਿ ਉਹ ਤਾਂ ਆਏ ਗਏ ਨੂੰ ਚਾਹ ਦਾ ਕੱਪ ਵੀ ਨਹੀ ਪੁੱਛਦੇ ਪਰ ਜੇਕਰ ਮਾਣ-ਸਤਿਕਾਰ ਦੇ ਭਾਵ ਜ਼ਾਹਰ ਕਰਨ ਵਾਲੇ ਸਬੰਧੀਆਂ ਬਾਰੇ ਦੱਸਣਾ ਹੋਵੇ ਤਾਂ ਕਹਿੰਦੇ ਹਾਂ ਕਿ ਅਸੀ ਬੈਠੇ ਹੀ ਸਾਂ ਝੱਟ ਚਾਹ ਬਣਕੇ ਆ ਗਈ।

ਚਾਹ ਪੀਣ ਲਈ ਪੁੱਛਣਾ ਕਿਸੇ ਨੂੰ ਇੱਜ਼ਤ ਦੇਣ ਦਾ ਜ਼ਰੀਆਂ ਹੈ ਜਦੋਂ ਅਸੀ ਕਿਤੇ ਜਾਈਏ ਜਾਂ ਸਾਡੇ ਘਰ ਕੋਈ ਆਉਂਦਾ ਹੈ ਤਾਂ ਅਸੀ ਆਪਣੇ ਪਰਿਵਾਰਕ ਮੈਂਬਰ ਨੂੰ ਕਹਿੰਦੇ ਹਾਂ ਚਾਹ ਬਣਾਓ ਜਾਂ ਅਸੀ ਆਪਣੇ ਘਰ ਬਾਹਰ ਖੜ੍ਹੇ ਹੋਈਏ ਤਾਂ ਸਾਹਮਣੇ ਲੰਘਣ ਵਾਲਿਆਂ ਨੂੰ ਜ਼ਰੂਰ ਕਹਿੰਦੇ ਹਾਂ, ਆ ਜਾਓ ਚਾਹਾਂ ਪਿਲਾਉਂਦੇ ਹਾਂ। ਜਿੰਨੀ ਦੇਰ ਚਾਹ ਹੈ ਓਨੀ ਦੇਰ ਇਹ ਮਾਣ-ਸਤਿਕਾਰ ਦਾ ਚਿੰਨ੍ਹ ਬਣੀ ਰਹੇਗੀ। ਇਸ ਲਈ ਸਾਨੂੰ ਆਪਣੇ ਦੋਸਤਾਂ ਮਿੱਤਰਾਂ ਅਤੇ ਸਕੇ ਸਬੰਧੀਆਂ ਨੂੰ ਚਾਹ ਪਾਣੀ ਪੁੱਛਦੇ ਰਹਿਣਾ ਚਾਹੀਦਾ ਹੈ। •

94649-29718

### ਮਹਿਕਦਾਰ ਪਦਾਰਥ

ਚਾਹ, ਜਿਸ ਨੂੰ ਅੰਗਰੇਜ਼ੀ ਵਿਚ tea ਕਿਹਾ ਜਾਂਦਾ ਹੈ, ਪੀਣ ਵਾਲਾ ਮਹਿਕਦਾਰ ਪਦਾਰਥ ਹੈ। ਪਾਣੀ ਤੋਂ ਬਾਅਦ ਦੁਨੀਆਂ ਵਿਚ ਸਭ ਤੋਂ ਵੱਧ ਪੀਤਾ ਜਾਣ ਵਾਲਾ ਇਹ ਦੂਜਾ ਪਦਾਰਥ ਹੈ। ਇਸ ਦੀ ਖੋਜ ਦਸਵੀਂ ਸਦੀ ਵਿਚ ਚੀਨ ਵਿਚ ਹੋਈ। ਚਾਹ ਵਿਚ ਕੈਫ਼ੀਨ ਦੀ ਮੌਜੂਦਗੀ ਪੀਣ ਵਾਲੇ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਚਾਹ ਦੇ ਪੌਦੇ ਦੇ ਮੂਲ ਸਥਾਨਾਂ 'ਚ ਪੂਰਬੀ ਚੀਨ, ਦੱਖਣ ਪੂਰਬੀ ਚੀਨ, ਮਿਆਂਮਾਰ ਅਤੇ ਭਾਰਤ ਦਾ ਇਲਾਕਾ ਆਸਾਮ ਸ਼ਾਮਲ ਹੈ।

# ਵੰਝਲੀ ਦੀ ਹੂਕ ਸੁਣ ਕੇ




ਪਿਛਲੀ ਅੱਧੀ ਸਦੀ ਤੋਂ ਜਿਹੜਾ ਬੰਦਾ ਪੰਜਾਬੀ ਅਵਾਮ ਦੇ ਖ਼ਿਆਲਾਂ ਨੂੰ ਅਗਾਂਹ ਤੋਰ ਰਿਹਾ ਹੈ, ਉਹ ਹੈ ਬਾਬੂ ਸਿੰਘ ਮਾਨ ਮਰਾੜ੍ਹਾ ਵਾਲਾ। ਇਕ ਐਸਾ ਗੀਤਕਾਰ ਜੀਹਨੇ ਠੇਠ ਮੁਹਾਵਰਿਆਂ 'ਚ ਗੱਲਾਂ ਕੀਤੀਆਂ। ਇੰਨੀਆਂ ਠੇਠ ਗੱਲਾਂ ਕਿ ਇੱਕੀਵੀਂ ਸਦੀ ਦੀ ਜਵਾਨੀ ਉਸ ਨੂੰ ਸਮਝਣ ਲਈ ਕੋਸ਼ ਚੁੱਕਦੀ ਹੈ। ਅਸਲ ਵਿਚ ਅਜਿਹੇ ਗੀਤ ਹੀ ਸਾਡਾ ਸਰਮਾਇਆ ਹੁੰਦੇ ਹਨ। ਮੈਂ ਹਮੇਸ਼ਾ ਕੋਸ਼ਿਸ਼ ਕਰਦਾ ਹਾਂ ਕਿ ਜਿੰਨੀ ਕੁ ਮੈਨੂੰ ਸਮਝ ਹੈ ਉਸ ਨੂੰ ਪਾਠਕਾਂ ਤੱਕ ਲੈ ਕੇ ਜਾਵਾਂ। ਮੈਂ ਅੱਜ ਮਾਨ ਮਰਾੜ੍ਹਾ ਵਾਲੇ ਦਾ ਗੀਤ, ਜਿਸਨੂੰ ਆਪਣੇ ਸਮੇਂ ਦੇ ਪ੍ਰਸਿੱਧ ਗਾਇਕ ਕਰਮਜੀਤ ਧੂਰੀ ਨੇ ਗਾਇਆ ਅਤੇ 1967 ਵਿਚ ਹਿਜ਼ ਮਾਸਟਰਜ਼ ਕੰਪਨੀ ਨੇ ਉਸ ਦਾ ਰਿਕਾਰਡ ਬਣਾਇਆ ਸੀ, ਜਿਸ ਦਾ ਲੜੀ ਨੰਬਰ ਹੈ 9425, ਉਸ ਗੀਤ ਦੀਆਂ ਗੁੱਝੀਆਂ ਰਮਜ਼ਾਂ ਤੁਹਾਡੇ ਸਨਮੁੱਖ ਕਰ ਰਿਹਾ। ਗੀਤ ਦੇ ਬੋਲ ਹਨ : 'ਕੱਸੀ ਤੇ ਵਜਾਵੇ ਵੰਝਲੀ।'

ਇਸ ਗੀਤ ਵਿਚ ਗੀਤਕਾਰ ਨੇ ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਦੀ ਤਸਵੀਰ ਖਿੱਚੀ ਹੈ। ਗੀਤ ਵਿਚ ਵਰਤੀ ਗਈ ਸ਼ਬਦਾਵਲੀ ਪੁਰਾਣੇ ਪੰਜਾਬ ਦੇ ਪੇਂਡੂ ਧਰਾਤਲ ਨਾਲ ਜੁੜੀ ਹੋਈ ਹੈ। ਗੀਤ ਵਿਚ ਵਰਤੇ ਗਏ ਬਹੁਤੇ ਸ਼ਬਦ ਅੱਜ ਸਾਡੀ ਜ਼ਬਾਨ 'ਚੋਂ ਮਨਫ਼ੀ ਹੋ ਚੁੱਕੇ ਹਨ।

ਗੀਤ ਵਿਚ ਇਕ ਪੇਂਡੂ ਛੈਲ ਛਬੀਲਾ ਗੱਭਰੂ ਜੋ ਖੇਤੀਬਾੜੀ ਕਰਦਾ ਹੈ। ਪਸ਼ੂ ਡੰਗਰ ਵੀ ਰੱਖੇ ਹਨ। ਸਰਕਾਰੇ ਦਰਬਾਰੇ ਪਹੁੰਚ ਵੀ ਰੱਖਦਾ ਹੈ। ਜਿਸ ਨੂੰ ਆਪਣੀ ਚੜ੍ਹਦੀ ਜਵਾਨੀ 'ਤੇ ਮਾਣ ਹੈ। ਉਹ ਕੋਮਲ ਦਿਲ ਹੈ ਤੇ ਵੰਝਲੀ ਵਜਾਉਣ ਵਿਚ ਮੁਹਾਰਤ ਰੱਖਦਾ ਹੈ। ਮੁਟਿਆਰ ਅੱਗੇ ਆਪਣੀ ਸਿਫ਼ਤ ਆਪ ਹੀ ਕਰਦਾ ਹੈ :

ਕੱਸੀ 'ਤੇ ਵਜਾਵੇ ਵੰਝਲੀ
ਮੁੰਡਾ ਔਸਰਾਂ ਝੋਟੀਆਂ ਚਾਰੇ
ਮਿੱਤਰਾਂ ਦੀ ਪੱਗ ਰੰਗ ਦੇ
ਲੀੜੇ ਧੋਂਦੀਏ ਪਤਲੀਏ ਨਾਰੇ...

ਕੱਸੀ : ਵੱਡਾ ਖਾਲਾ ਜਾਂ ਸੂਆ। ਵੰਝਲੀ : ਬਾਂਸ ਦੀ ਪਤਲੀ ਜਿਹੀ ਪੋਰੀ, ਜਿਸ ਵਿਚ ਉੱਪਰ ਸੁਰਾਖ਼ ਹੁੰਦੇ ਹਨ, ਸਿਰੇ 'ਤੇ ਜੀਭੀ ਲੱਗੀ ਹੁੰਦੀ ਹੈ। ਜੀਭੀ ਵਾਲੇ ਪਾਸੇ ਤੋਂ ਫੂਕ ਨਾਲ ਉੱਪਰਲੇ ਸੁਰਾਖ਼ਾਂ 'ਤੇ ਉਂਗਲਾਂ ਦੀ ਦਾਬ ਨਾਲ ਵੱਖ-ਵੱਖ ਸੁਰਾਂ ਪੈਦਾ ਹੁੰਦੀਆਂ ਹਨ। ਬਾਂਸਰੀ ਅਤੇ ਅਲਗੋਜ਼ੇ ਵੀ ਇਸੇ ਕਿਸਮ ਦੇ ਸਾਜ਼ ਹਨ। ਔਸਰ ਝੋਟੀ : ਜੁਆਨ ਹੋਈ ਅਣਸੂਈ ਮੱਝ। ਲੀੜੇ : ਕੱਪੜੇ।

ਉਸ ਵੇਲੇ ਔਰਤਾਂ ਕੱਸੀ ਦੀ ਪੱਟੜੀ 'ਤੇ ਬਹਿ ਕੇ ਕੱਪੜੇ ਧੋ ਕੇ ਲੈ ਜਾਂਦੀਆ ਸਨ। ਗੱਭਰੂ ਪੱਟੜੀ 'ਤੇ ਕੱਪੜੇ ਧੋਂਦੀ ਮੁਟਿਆਰ ਨੂੰ ਸੰਬੋਧਨ ਹੋ ਕੇ ਕਹਿੰਦਾ ਹੈ ਕਿ ਮੇਰੀ ਪੱਗ ਰੰਗ ਦੇ ਭਾਵ ਗੁੱਝੇ ਪਿਆਰ ਦਾ ਪ੍ਰਗਟਾਵਾ ਅਸਿੱਧੇ ਰੂਪ ਵਿੱਚ ਕਰਦਾ ਹੈ।

ਝਾਕਾ ਲੈਣਾ ਪੱਟੜੀ ਦਾ
ਨਾਲੇ ਕਰਨੀ ਮੱਕੀ ਦੀ ਰਾਖੀ
ਲੰਘਦੇ ਰਾਹੀਆਂ ਨੂੰ
ਗੱਲ ਚੁਭਵੀਂ ਕਦੇ ਨਾ ਆਖੀ
ਮੇਲਿਆਂ 'ਚ ਹੂਲ ਜੱਟ ਦੀ
ਨਾਲ ਉਂਗਲਾਂ ਦੇ ਹੋਣ ਇਸ਼ਾਰੇ...

ਝਾਕਾ : ਸੰਗ ਸ਼ਰਮ ਰੱਖ ਜਾਂ ਮਰਿਯਾਦਾ ਵਿਚ ਰਹਿ ਕੇ ਚੋਰੀ-ਚੋਰੀ ਤੱਕਣਾ। ਪੱਟੜੀ : ਸੂਏ ਦੇ ਕਿਨਾਰੇ-ਕਿਨਾਰੇ ਬਣਿਆ ਰਾਹ। ਗੱਲ ਚੁਭਵੀਂ: ਮਿਹਣਾ, ਟਕੋਰ, ਤਾਹਨਾ, ਅਸਿੱਧੇ ਰੂਪ ਵਿਚ ਕਿਸੇ ਦਾ ਦਿਲ ਦੁਖਾਉਣਾ। ਹੂਲ : ਮਸ਼ਹੂਰੀ, ਪ੍ਰਸਿੱਧੀ। ਇਸ ਅੰਤਰੇ ਦਾ ਭਾਵ ਹੈ ਕਿ ਪੱਟੜੀ ਤੇ ਕੱਪੜੇ ਧੋਂਦੀ ਮੁਟਿਆਰ ਦੇ ਦੀਦਾਰ ਵੀ ਕਰਨੇ ਹਨ, ਮੱਕੀ ਦੀ ਫ਼ਸਲ ਦੀ ਰਾਖੀ ਵੀ ਕਰਨੀ ਹੈ। ਕਿਸੇ ਲੰਘਦੇ ਟੱਪਦੇ ਰਾਹੀ ਨੂੰ ਕੁਝ ਉੱਚਾ ਨੀਵਾਂ ਵੀ ਨ੍ਹੀਂ ਬੋਲਣਾ। ਮੇਲੇ ਵਿਚ ਗੱਭਰੂ ਦੀ ਪੂਰੀ ਚੜ੍ਹਾਈ ਹੈ। ਮਟਿਆਰਾਂ ਉਸ ਵੱਲ ਤੱਕ ਇਸ਼ਾਰੇ ਕਰਦੀਆਂ ਹਨ।

ਵੰਝਲੀ ਦੀ ਹੂਕ ਸੁਣ ਕੇ
ਪਾਣੀ ਰੁਕ ਗਏ ਕੱਸੀ ਦੇ ਵਹਿੰਦੇ
ਸੱਦ ਲਾਵਾਂ ਦਿਲ ਵਿੰਨ੍ਹਵੀਂ
ਹੌਲ ਅੱਲੜਾਂ ਦੇ ਕਾਲਜੇ ਪੈਂਦੇ
ਵੰਝਲੀ ਦੇ ਬੋਲਾਂ ਦੀ
ਗੱਲ ਧੁੰਮ ਗਈ ਤ੍ਰਿੰਞਣੀ ਸਾਰੇ...

ਹੂਕ : ਵਿਜੋਗ ਦੀ ਧੁਨ। ਸੱਦ : ਪੰਜਾਬੀ ਲੋਕ ਕਾਵਿ ਦਾ ਇਕ ਰੂਪ, ਇਸ ਨੂੰ ਗਾਉਣ ਵਾਲਾ ਖੱਬਾ ਹੱਥ ਕੰਨ ਉੱਪਰ ਰੱਖ ਕੇ ਸੱਜੀ ਬਾਹ ਫ਼ੈਲਾ ਕੇ ਲੰਮੀ ਹੇਕ ਲਾਉਂਦਾ ਹੈ। ਦਿਲ ਵਿੰਨ੍ਹਵੀਂ : ਦਿਲ ਨੂੰ ਛੂਹਣ ਵਾਲੀ।

ਹੌਲ : ਦਿਲ ਦੀ ਧੜਕਣ ਦਾ ਤੇਜ਼ ਹੋਣਾ। ਅੱਲੜਾਂ : ਚੜ੍ਹਦੀ ਜਵਾਨੀ ਦੀ ਅਵਸਥਾ ਇੱਥੇ ਅੱਲੜ੍ਹ ਉਮਰ ਤੋਂ ਭਾਵ ਨਵੀਂ ਉਮਰ ਦੀਆਂ ਜੁਆਨ ਹੋ ਰਹੀਆਂ ਕੁੜੀਆਂ। ਤ੍ਰਿੰਞਣ : ਜਿੱਥੇ ਕੁੜੀਆਂ 'ਕੱਠੀਆਂ ਹੋ ਕੇ ਚਰਖਾ ਕੱਤਦੀਆਂ ਹਨ।

ਗੱਭਰੂ ਮੁਟਿਆਰ ਨੂੰ ਸੰਬੋਧਨ ਹੋ ਕੇ ਕਹਿ ਵੀ ਰਿਹਾ ਕਿ ਤੇਰੇ ਪਿਆਰ 'ਚ ਜਦੋਂ ਮੈਂ ਵੰਝਲੀ 'ਤੇ ਉਦਾਸ ਧੁਨ ਛੇੜਦਾ ਹਾਂ ਤਾਂ ਵਗਦੇ ਪਾਣੀ ਵੀ ਰੁਕ ਜਾਂਦੇ ਹਨ। ਜਦੋਂ ਕੰਨ 'ਤੇ ਹੱਥ ਧਰ ਕੇ ਹੇਕ ਲਾਉਂਦਾ ਹਾਂ ਤਾਂ ਕੁੜੀਆਂ ਦੇ ਦਿਲ ਨੂੰ ਧੂਹ ਪੈਂਦੀ ਹੈ। ਮੇਰੀ ਵੰਝਲੀ ਦੀ ਧੁਨ ਦੀ ਚਰਚਾ ਤ੍ਰਿੰਞਣਾਂ 'ਚ ਕੱਤਣ ਵਾਲੀਆਂ ਕੁੜੀਆਂ 'ਚ ਹੁੰਦੀ ਹੈ।

ਨਹਿਰ 'ਚ ਨੁਹਾਵਾਂ ਮੱਝੀਆਂ
ਸਾਡੇ ਜੁੱਟ ਕੱਸੀਆਂ ਦੇ ਬਾਬੂ
ਆਖੇਂ ਤਾਂ ਲਿਆ ਦਿਆਂ ਭੁੰਨਕੇ
ਦਾਣੇ ਹੋ ਗਏ ਮੱਕੀ ਦੇ ਚਾਬੂ
ਮੋਮਾਂ ਤਕ ਜਾਣ ਛੱਲੀਆਂ
ਸਾਡੀ ਗੱਲ ਚੜ੍ਹ ਗਈ ਸਰਕਾਰੇ
ਮਿੱਤਰਾਂ ਦੀ ਪੱਗ ਰੰਗ ਦੇ
ਲੀੜੇ ਧੋਂਦੀਏ ਪਤਲੀਏ ਨਾਰੇ...

ਜੁੱਟ : ਇੱਥੇ ਜੁੱਟ ਤੋਂ ਭਾਵ ਹੈ ਜਾਣਕਾਰ ਜਾਂ ਜੋੜੀਦਾਰ (ਲਿਹਾਜੀ)। ਕੱਸੀਆਂ ਦੇ ਬਾਬੂ : ਨਹਿਰੀ ਮਹਿਕਮੇ ਦਾ ਬਾਬੂ। ਚਾਬੂ : ਚੱਬਣ ਯੋਗ।

ਗੱਭਰੂ ਆਪਣੀ ਜਾਣ-ਪਛਾਣ ਅਤੇ ਰੁਤਬੇ ਬਾਰੇ ਦੱਸ ਰਿਹਾ ਹੈ ਕਿ ਨਹਿਰੀ ਮਹਿਕਮੇ ਦੇ ਬਾਬੂ ਮੇਰੇ ਮਿੱਤਰ ਬੇਲੀ ਹਨ। ਇਸ ਲਈ ਮੈਂ ਮੱਝੀਆਂ ਨਹਿਰ ਵਿਚ ਹੀ ਨਹਾਉਂਦਾ ਹਾਂ। ਗੱਭਰੂ ਮੁਟਿਆਰ ਨੂੰ ਪੁੱਛਦਾ ਹੈ ਕਿ ਮੱਕੀ ਦੀਆਂ ਛੱਲੀਆਂ ਚੱਬਣਯੋਗ ਹੋ ਰਹੀਆਂ ਹਨ। ਜੇ ਆਖੇਂ ਤਾਂ ਭੁੰਨਕੇ ਲਿਆ ਦਿਆਂ। ਮੇਰੇ ਖੇਤ ਦੀ ਮੱਕੀ ਤਾਂ ਮੋਮਾਂ ਤਕ ਜਾਂਦੀ ਹੈ। ਸਰਕਾਰੇ ਦਰਬਾਰੇ ਪੂਰੀ ਗੱਲਬਾਤ ਹੈ।

ਰੰਗ ਮੈਂ ਲਿਆਉਣਾ ਹੱਟੀ ਤੋਂ
ਮੰਗੂ 'ਮਾਨ' ਦਾ ਚਰੀ 'ਚੋਂ ਮੋੜੀਂ
ਕੱਚੀਏ ਕੁਆਰ ਗੰਦਲੇ
ਪੁੱਛੇ ਬਾਝ ਨਾ ਕਰੇਲਾ ਤੋੜੀਂ
ਮਿੱਠੀਆਂ ਝਿੜਕਾਂ ਦਾ
ਗੁੱਸਾ ਕਰ ਨਾਂ ਲਈਂ ਮੁਟਿਆਰੇ
ਮਿੱਤਰਾਂ ਦੀ ਪੱਗ ਰੰਗ ਦੇ
ਲੀੜੇ ਧੋਂਦੀਏ ਪਤਲੀਏ ਨਾਰੇ...

ਹੱਟੀ : ਦੁਕਾਨ। ਮੰਗੂ : ਪਸ਼ੂਆਂ ਦਾ ਵੱਗ। ਚਰ੍ਹੀ : ਚਾਰੇ ਦੀ ਫ਼ਸਲ। ਕੱਚੀਏ ਕੁਆਰ ਗੰਦਲੇ : ਕੁਆਰ ਗੰਦਲੇ ਤਾਂ ਕੁਆਰ ਦੀ ਗੁੱਦੇਦਾਰ ਸ਼ਬਜੀ ਹੈ ਜਿਸ ਨੂੰ ਅੰਗਰੇਜ਼ੀ ਵਿਚ ਐਲੋਵੇਰਾ ਵੀ ਕਿਹਾ ਜਾਂਦਾ ਹੈ ਪਰ ਇੱਥੇ ਗੀਤਕਾਰ ਦਾ ਭਾਵ ਗੰਦਲ ਵਰਗੀ ਸੋਹਲ ਕੁਆਰੀ ਕੁੜੀ ਤੋਂ ਹੈ।

ਅਖੀਰ ਵਿਚ ਗੀਤਕਾਰ ਕਹਿ ਰਿਹਾ ਹੈ ਕਿ ਮੈਂ ਹੱਟੀ ਤੋਂ ਜਾ ਕੇ ਰੰਗ ਲੈ ਕੇ ਆਉਂਦਾ ਹਾਂ ਤੂੰ ਓਨੀ ਦੇਰ ਮੇਰੇ ਪਸ਼ੂਆਂ ਦੀ ਰਾਖੀ ਕਰੀਂ। ਐਸਾ ਨਾ ਹੋਵੇ ਮੇਰੇ ਪਸ਼ੂ ਚਰ੍ਹੀ ਦੇ ਖੇਤ ਵਿਚ ਵੜ੍ਹ ਜਾਣ ਅਤੇ ਖੇਤ ਵਿੱਚੋਂ ਮੇਰੇ ਪੁੱਛੇ ਬਿਨਾਂ ਕਰੇਲੇ ਨਾ ਤੋੜਨ ਲੱਗ ਜਾਵੀਂ। ਨਾਲ ਦੀ ਨਾਲ ਕੋਮਲ ਦਿਲ ਗੱਭਰੂ ਆਖਦਾ ਹੈ ਕਿ ਮੇਰੀ ਮਿੱਠੀ ਝਿੜਕ ਦਾ ਗੁੱਸਾ ਨਾ ਕਰ ਕਰੀਂ।

ਇੱਥੇ ਦੱਸਣਾ ਬਣਦਾ ਹੈ ਕਿ ਭਾਵੇਂ ਅੱਜ ਦੇ ਆਧੁਨਿਕ ਯੁੱਗ ਵਿਚ ਅਨੇਕ ਕਿਸਮ ਦੇ ਭਾਂਤ-ਸੁਭਾਂਤੇ ਰੰਗਾਂ ਵਿਚ ਪੱਗਾਂ ਉਪਲੱਬਧ ਹਨ ਪਰ ਉਸ ਵੇਲੇ ਢਾਕੇ ਦੀ ਚਿੱਟੀ ਮਲਮਲ ਦੇ ਪੰਜ ਮੀਟਰ ਕੱਪੜੇ ਦੀ ਹੀ ਪੱਗ ਬੰਨ੍ਹੀ ਜਾਂਦੀ ਸੀ। ਨਵੀਂ ਉਮਰ ਦੇ ਸ਼ੁਕੀਨ ਮੁੰਡੇ ਉਸ ਮਲਮਲ ਨੂੰ ਕੱਚੇ ਰੰਗਾਂ ਨਾਲ ਰੰਗ ਕੇ ਆਪਣੀ ਸ਼ੁਕੀਨੀ ਦਾ ਇਜ਼ਹਾਰ ਕਰਦੇ। ਇਹ ਕੱਚੇ ਰੰਗ ਹੱਟੀਆਂ ਤੋਂ ਹੀ ਮਿਲ ਜਾਂਦੇ ਸਨ। ਇਕ ਦੋ ਵਾਰੀ ਬੰਨ੍ਹ ਕੇ ਉਸ ਪੱਗ ਨੂੰ ਦੁਬਾਰਾ ਹੋਰ ਰੰਗ ਦੀ ਰੰਗ ਲਿਆ ਜਾਂਦਾ। ਇਸ ਗੀਤ ਵਿਚ ਗੀਤਕਾਰ ਨੇ ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਤਸਵੀਰ ਬਾਖ਼ੂਬੀ ਪੇਸ਼ ਕੀਤੀ ਹੈ ਜੋ ਸ਼ਲਾਘਾਯੋਗ ਕਾਰਜ ਹੈ।

• ਅਸ਼ੋਕ ਬਾਂਸਲ ਮਾਨਸਾ
98772-77473

# ਪੰਜਾਬ ਪੁਲਿਸ ਨੇ ਸੂਬੇ ਦੀਆਂ ਸੜਕਾਂ ਨੂੰ ਹੋਰ ਸੁਰੱਖਿਅਤ ਬਣਾਉਣ ਲਈ ਸੇਵ ਲਾਈਫ ਇੰਡੀਆ ਨਾਲ ਸਮਝੌਤਾ ਸਹੀਬੱਧ ਕੀਤਾ

## ਹਾਦਸਿਆਂ ਨੂੰ ਰੋਕਣ ਲਈ ਹਾਦਸਿਆਂ ਦੀ ਵਿਗਿਆਨਕ ਜਾਂਚ, ਬਲੈਕ ਸਪਾਟ ਦੀ ਪਛਾਣ ਅਤੇ ਟੀਚਾਗਤ ਦਖਲ 'ਤੇ ਧਿਆਨ ਕੇਂਦਰਿਤ ਕਰਨਾ ਇਸ ਸਮਝੌਤੇ ਦਾ ਉਦੇਸ਼ ਹੈ: ਡੀਜੀਪੀ ਪੰਜਾਬ ਗੌਰਵ ਯਾਦਵ

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਭਰ ਵਿੱਚ ਸੜਕਾਂ 'ਤੇ ਆਉਣ-ਜਾਣ ਵਾਲੇ ਵਿਅਕਤੀਆਂ ਦੀ ਸੁਰੱਖਿਆ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਪੰਜਾਬ ਪੁਲਿਸ ਨੇ ਸੜਕ ਸੁਰੱਖਿਆ ਲਈ ਡੇਟਾ-ਅਧਾਰਿਤ ਪਹੁੰਚ ਲਾਗੂ ਕਰਨ ਵਾਸਤੇ ਸੇਵ ਲਾਈਫ ਇੰਡੀਆ ਨਾਲ ਸਮਝੌਤਾ ਸਹੀਬੱਧ ਕੀਤਾ ਹੈ।

ਅੱਜ ਇੱਥੇ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਟ੍ਰੈਫਿਕ ਅਤੇ ਸੜਕ ਸੁਰੱਖਿਆ ਏ.ਐਸ. ਰਾਏ ਅਤੇ ਸੇਵ ਲਾਈਫ ਫਾਊਂਡੇਸ਼ਨ ਦੇ ਸੰਸਥਾਪਕ ਪਿਊਸ਼ ਤਿਵਾਰੀ ਵੱਲੋਂ ਇਸ ਸਮਝੌਤੇ 'ਤੇ ਹਸਤਾਖਰ ਕੀਤੇ ਗਏ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਇਹ ਸਮਝੌਤਾ ਹਾਦਸਿਆਂ ਨੂੰ ਰੋਕਣ ਲਈ ਹਾਦਸੇ ਦੀ ਵਿਗਿਆਨਕ ਢੰਗ ਨਾਲ ਜਾਂਚ, ਬਲੈਕ ਸਪਾਟ ਦੀ ਪਛਾਣ ਅਤੇ ਟੀਚਾਗਤ ਦਖਲ 'ਤੇ ਕੇਂਦ੍ਰਿਤ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਟ੍ਰੈਫਿਕ ਮੁਲਾਜ਼ਮਾਂ ਨੂੰ ਹਾਦਸਿਆਂ ਦੇ ਵਿਸ਼ਲੇਸ਼ਣ ਸਬੰਧੀ ਉੱਨਤ ਤਕਨੀਕਾਂ ਵਿੱਚ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ, ਜਿਸ ਨਾਲ ਇਸ ਸਹਿਯੋਗ ਤਹਿਤ ਨਿਯਮਾਂ ਅਤੇ ਪ੍ਰਭਾਵਸ਼ਾਲੀ ਸੜਕ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਸਬੰਧੀ ਉਨ੍ਹਾਂ ਦੀ ਯੋਗਤਾ ਵਿੱਚ ਵਾਧਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਸਬੂਤ-ਅਧਾਰਤ ਉਪਾਵਾਂ ਜ਼ਰੀਏ ਅਸੀਂ ਸੂਬੇ ਭਰ ਵਿੱਚ ਹਾਦਸਿਆਂ ਦੀ ਗਿਣਤੀ ਨੂੰ ਮਹੱਤਵਪੂਰਨ ਤੌਰ 'ਤੇ ਘਟਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਉਨ੍ਹਾਂ ਅੱਗੇ ਕਿਹਾ ਕਿ ਇਹ ਸਰਗਰਮ ਪਹੁੰਚ ਦਾ ਉਦੇਸ਼ ਨਾ ਸਿਰਫ਼ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣਾ ਹੈ ਬਲਕਿ ਸੜਕਾਂ 'ਤੇ ਆਉਣ ਜਾਣ ਵਾਲੇ ਸਾਰੇ ਵਿਅਕਤੀਆਂ ਦਰਮਿਆਨ ਜਵਾਬਦੇਹੀ ਅਤੇ ਜਾਗਰੂਕਤਾ ਨੂੰ ਵੀ ਉਤਸ਼ਾਹਿਤ ਕਰਨਾ ਹੈ।

ਏਡੀਜੀਪੀ ਟ੍ਰੈਫਿਕ ਏ.ਐਸ. ਰਾਏ ਨੇ ਕਿਹਾ ਕਿ ਪੰਜਾਬ ਪੁਲਿਸ ਪੇਸ਼ੇਵਰ ਪੁਲਿਸਿੰਗ ਲਈ ਵਚਨਬੱਧ ਹੈ ਤਾਂ ਜੋ ਪੰਜਾਬ ਦੇ ਲੋਕ ਸੜਕਾਂ 'ਤੇ ਯਾਤਰਾ ਕਰਦੇ ਸਮੇਂ ਸੁਰੱਖਿਅਤ ਮਹਿਸੂਸ ਕਰ ਸਕਣ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਹੀ ਇੱਕ ਅਜਿਹਾ ਸੂਬਾ ਹੈ ਜਿਸਨੇ ਪੂਰੇ ਭਾਰਤ ਵਿੱਚ ਵਧ ਰਹੇ ਹਾਦਸਿਆਂ ਦੇ ਰੁਝਾਨ ਨੂੰ ਬਦਲ ਦਿੱਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸੜਕ ਸੁਰੱਖਿਆ ਫੋਰਸ (ਐਸਐਸਐਫ) ਦੇ ਅਧੀਨ ਆਉਂਦੇ ਖੇਤਰ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ 48 ਫੀਸਦੀ ਕਮੀ ਆਈ ਹੈ ਜਦੋਂ ਕਿ ਸੂਬੇ ਭਰ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ 5 ਫੀਸਦੀ ਕਮੀ ਆਈ ਹੈ। ਇਸੇ ਸਮੇਂ ਦੌਰਾਨ, ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਦਰ ਵਿੱਚ ਲਗਭਗ ਦੁੱਗਣਾ ਵਾਧਾ ਹੋਇਆ ਹੈ।

ਜ਼ਿਕਰਯੋਗ ਹੈ ਕਿ ਸੇਵ ਲਾਈਫ ਫਾਊਂਡੇਸ਼ਨ ਭਾਰਤ ਅਤੇ ਹੋਰ ਸਥਾਨਾਂ 'ਤੇ ਸੜਕ ਸੁਰੱਖਿਆ ਅਤੇ ਟਰੌਮਾ ਕੇਅਰ ਦੇ ਮਹੱਤਵਪੂਰਨ ਮੁੱਦਿਆਂ ਦੇ ਉਪਾਅ ਪ੍ਰਦਾਨ ਕਰਕੇ ਅਤੇ ਖਾਸ ਤੌਰ 'ਤੇ ਗਰੀਬ ਭਾਈਚਾਰਿਆਂ ਵਿੱਚ ਮੌਤਾਂ ਅਤੇ ਸੱਟਾਂ ਨੂੰ ਘਟਾਉਣ 'ਤੇ ਧਿਆਨ ਕੇਂਦਰਿਤ ਕਰਕੇ ਸੜਕਾਂ 'ਤੇ ਹੋਣ ਵਾਲੇ ਹਾਦਸਿਆਂ ਵਿੱਚ ਕੀਮਤੀ ਜਾਨਾਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

# ਪ੍ਰਾਇਮਰੀ ਅਧਿਆਪਕਾਂ ਦੀ ਦੂਸਰੇ ਗੇੜ ਦੀ ਤਿੰਨ ਰੋਜ਼ਾ ਵਰਕਸ਼ਾਪ ਸ਼ੁਰੂ



**ਸ੍ਰੀ ਆਨੰਦਪੁਰ ਸਾਹਿਬ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਅਗਵਾਈ ਵਿੱਚ ਬਲਾਕ ਕੀਰਤਪੁਰ ਸਾਹਿਬ ਅਧੀਨ ਆਉਂਦੇ ਸਕੂਲਾਂ ਦੇ ਪ੍ਰਾਈਮਰੀ ਅਧਿਆਪਕਾਂ ਦੀ ਦੂਸਰੇ ਗੇੜ ਦੀ ਤਿੰਨ ਰੋਜ਼ਾ ਵਰਕਸ਼ਾਪ ਸ਼ੁਰੂ ਹੋਈ, ਇਸ ਵਰਕਸ਼ਾਪ ਵਿੱਚ ਨਰਸਰੀ ਤੋਂ ਤੀਸਰੀ ਜਮਾਤ ਤੱਕ ਪੜਉਣ ਵਾਲੇ ਅਧਿਆਪਕਾਂ ਦੀ ਲਗਾਈ ਜਾ ਰਹੀ ਵਰਕਸ਼ਾਪ ਦੇ ਬਾਰੇ ਜਾਣਕਾਰੀ ਦਿੰਦਿਆਂ ਬੀਆਰਸੀ (ਬਲਾਕ ਰਿਸੋਰਸ ਕੋਆਰਡੀਨੇਟਰ) ਸੁਨੀਲ ਸੈਣੀ ਨੇ ਦੱਸਿਆ ਕਿ ਲਗਾਈ ਗਈ ਇਸ ਵਰਕਸ਼ਾਪ ਵਿੱਚ ਮੁੱਖ ਤੌਰ ਤੇ ਨਰਸਰੀ ਤੋਂ ਤੀਸਰੀ ਜਮਾਤ ਤੱਕ ਦੀਆ ਪੁਸਤਕਾਂ ਦੇ ਵਿੱਚ ਸੋਧ, ਬੱਚਿਆਂ ਦਾ ਪਰਿਵਾਰ , ਸਮਾਜਿਕ ਵਾਤਾਵਰਨ ਅਤੇ ਸਮੇਂ ਦੇ ਹਾਣੀ ਬਣਾਉਣ ਦੇ ਲਈ ਅਧਿਆਪਕਾ ਨੂੰ ਸਿਖਲਾਈ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਅਧਿਆਪਕਾਂ ਨੂੰ ਇਹਨਾਂ ਪੁਸਤਕਾਂ ਦੇ ਵਿੱਚ ਚਾਰ ਨੁਕਾਤੀ ਪਹੁੰਚ ਨੂੰ ਲਾਗੂ ਕਰਨ , ਸਿੱਖਣ ਸਿਖਾਉਣ ਨਵੀਨਤਮ ਵਿਧੀਆਂ ਨੂੰ ਤਿਆਰ ਕਰਨ ਅਤੇ ਪਾਠ ਯੋਜਨਾ ਨੂੰ ਲਾਗੂ ਕਰਨ ਬਾਰੇ ਜਾਣਕਾਰੀ ਦਿੱਤੀ, ਉਹਨਾਂ ਨੇ ਦੱਸਿਆ ਕਿ ਇਸ ਵਰਕਸ਼ਾਪ ਦੇ ਵਿੱਚ ਪੰਜਾਬੀ ,ਹਿਸਾਬ ਅਤੇ ਅੰਗਰੇਜ਼ੀ ਵਿਸ਼ੇ ਵਿੱਚ ਨਵੀਨਤਮ ਅਤੇ ਰੋਚਕ ਤਰੀਕੇ ਨਾਲ ਪੜਾਉਣ ਦੀ ਵਿਧੀ ਦੀ ਵੀ ਸਿਖਲਾਈ ਦਿੱਤੀ ਗਈ,ਉਹਨਾਂ ਕਿਹਾ ਕਿ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਸਿੱਖਣ ਲਈ ਕਲਾਸ ਰੂਮ ਦਾ ਮਾਹੌਲ ਸੁਖਾਵਾਂ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਵਿਦਿਆਰਥੀਆਂ ਖੁਸ਼ੀ ਖੁਸ਼ੀ ਸਿੱਖਿਆ ਗ੍ਰਹਿਣ ਕਰਨ।

ਇਸ ਮੌਕੇ ਸੀ ਐਚ ਟੀ ਹਰਮੀਤ ਸਿੰਘ , ਕੁਲਵੰਤ ਸਿੰਘ ਬੀਆਰਸੀ, ਮਨਜੀਤ ਸਿੰਘ ਰਾਣਾ ਅਤੇ ਸੁਰਿੰਦਰਪਾਲ ਬੀਆਰਪੀ, ਪ੍ਰੇਮ ਸਿੰਘ ਠਾਕੁਰ , ਪਰਵਿੰਦਰ ਸਿੰਘ ,ਭੁਪਿੰਦਰ ਸਿੰਘ, ਮਨਜੀਤ ਸਿੰਘ , ਦੀਪਕ ਕੁਮਾਰ , ਕ੍ਰਿਸ਼ਨਾ ਕੁਮਾਰੀ, ਜਸ਼ਨਜੋਤ ਕੌਰ, ਬਲਵੀਰ ਕੌਰ, ਮਨਜੀਤ ਕੌਰ, ਸੁਨੀਤਾ ਕੁਮਾਰੀ, ਕਮਲਜੀਤ ਕੌਰ, ਕਰਮਜੀਤ ਕੌਰ, ਸਤਵੀਰ ਕੌਰ ਆਦਿ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਬੁੱਢਾ ਦਰਿਆ ਦੀ ਸਾਫ ਸਫਾਈ ਸਾਡੀ ਸਰਕਾਰ ਦੀ ਮੁੱਖ ਤਰਜੀਹ : ਡਾ. ਰਵਜੋਤ ਸਿੰਘ

## ਇੰਡਸਟਰੀ ਦੇ ਗੰਦੇ ਪਾਣੀ ਨੂੰ ਸੀਵਰੇਜ ਟਰੀਟਮੈਂਟ ਪਲਾਂਟ ਅਤੇ ਬੁੱਢਾ ਦਰਿਆ ਵਿੱਚ ਸਿੱਧੇ ਤੌਰ 'ਤੇ ਜਾਣ ਤੋਂ ਰੋਕਣ ਲਈ ਉਚਿੱਤ ਕਾਰਵਾਈ ਅਮਲ ਵਿੱਚ ਲਿਆਉਣ ਦੇ ਅਧਿਕਾਰੀਆਂ ਨੂੰ ਨਿਰਦੇਸ਼

**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਮਿਊਂਸੀਪਲ ਭਵਨ ਵਿਖੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਸਾਇੰਸ, ਤਕਨਾਲੋਜੀ ਐਂਡ ਵਾਤਾਵਰਣ ਵਿਭਾਗ ਅਤੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰਕੇ ਬੁੱਢਾ ਦਰਿਆ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਲਈ ਤਤਕਾਲ ਉਪਰਾਲੇ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇੰਡਸਟਰੀ ਦੇ ਗੰਦੇ ਪਾਣੀ ਦੀ ਨਿਕਾਸੀ 'ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾਵੇ ਤਾਂਕਿ ਸੀਵਰੇਜ ਟਰੀਟਮੈਂਟ ਪਲਾਂਟ ਦੀ ਕਾਰਗੁਜ਼ਾਰੀ ਪ੍ਰਭਾਵਿਤ ਨਾ ਹੋਵੇ।

ਮੀਟਿੰਗ ਦੌਰਾਨ ਸਥਾਨਕ ਮੰਤਰੀ ਡਾ ਰਵਜੋਤ ਸਿੰਘ ਨੇ ਕਿਹਾ ਕਿ ਬੁੱਢਾ ਦਰਿਆ ਨੂੰ ਪ੍ਰਦੂਸ਼ਿਤ ਕਰਨ ਦੀ ਕਿਸੇ ਵੀ ਇੰਡਸਟਰੀ ਜਾਂ ਵਿਅੱਕਤੀ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਹੁਕਮ ਦਿੱਤਾ ਕਿ ਜਿਹੜੀਆਂ ਫੈਕਟਰੀਆਂ ਜਾਂ ਯੂਨਿਟ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ, ਉਨ੍ਹਾਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਹੋਵੇ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਇੱਕ ਜੁਆਇੰਟ ਟੀਮ ਦਾ ਗਠਨ ਕਰੇ ਜਿਸ ਵਿੱਚ ਨਗਰ ਨਿਗਮ ਲੁਧਿਆਣਾ ਦੇ ਵੀ ਅਧਿਕਾਰੀ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਇਹ ਜੁਆਇੰਟ ਟੀਮ ਰੋਜ਼ਾਨਾ ਚੈਕ ਕਰਨਗੇ ਕਿ ਸੀਵਰੇਜ ਟਰੀਟਮੈਂਟ ਪਲਾਂਟ ਕਿਸ ਸਮੇਂ ਦੂਸ਼ਿਤ ਹੁੰਦਾਂ ਹੈ ਅਤੇ ਇਸ ਨੂੰ ਪ੍ਰਦੂਸ਼ਿਤ ਕਰਨ ਲਈ ਕਿਹੜੇ ਸਰੋਤ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਸਦੀ ਮੁਕੰਮਲ ਰਿਪੋਰਟ ਤਿਆਰ ਕਰਕੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।



ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇਸ ਮੁਹਿੰਮ ਦੀ ਕਾਮਯਾਬੀ ਲਈ ਸਰਕਾਰ, ਪ੍ਰਸ਼ਾਸਨ ਅਤੇ ਜਨਤਾ ਨੂੰ ਮਿਲਕੇ ਕੰਮ ਕਰਨਾ ਹੋਵੇਗਾ।

ਇਸ ਮੌਕੇ 'ਤੇ ਬੈਠਕ ਵਿੱਚ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇਜਵੀਰ ਸਿੰਘ, ਸਾਇੰਸ ਤਕਨਾਲੋਜੀ ਐਂਡ ਵਾਤਾਵਰਣ ਵਿਭਾਗ ਦੇ ਪ੍ਰਬੰਧਕੀ ਸਕੱਤਰ ਪ੍ਰਿਯਾਂਕ ਭਾਰਤੀ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਡਾ ਆਦਰਸ਼ ਪਾਲ ਸਿੰਘ, ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ, ਪੀ.ਐਮ.ਆਈ.ਡੀ.ਸੀ ਦੇ ਸੀ.ਈ.ਓ. ਦੀਪਤੀ ਉੱਪਲ ਤੋਂ ਇਲਾਵਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਸੀਨੀਅਰ ਅਧਿਕਾਰੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਭਾਜਪਾ ਵਲੋਂ ਮੇਨ ਬਾਜ਼ਾਰ ਵਿਖੇ ਕੇਂਦਰ ਸਰਕਾਰ ਦੀਆਂ ਸਕੀਮਾਂ 'ਚ ਰਜਿਸਟ੍ਰੇਸ਼ਨ ਸੰਬੰਧੀ ਮੁਫ਼ਤ ਸਹਾਇਤਾ ਕੈਂਪ ਲਗਾਇਆ



**ਰੂਪ ਨਗਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਵਲੋਂ ਘਰ-ਘਰ ਤੱਕ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਅਰੰਭੇ 'ਵਿਸ਼ੇਸ਼ ਸਹਾਇਤਾ ਕੈਂਪਾਂ' ਦੀ ਲੜੀ ਤਹਿਤ ਮੇਨ ਬਾਜ਼ਾਰ ਨੇੜੇ ਕਲਿਆਣ ਸਿਨੇਮਾ ਵਿਖੇ ਇੱਕ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿਚ 5 ਲੱਖ ਦੀ ਬੀਮਾ ਰਾਸ਼ੀ ਵਾਲੇ ਆਯੂਸ਼ਮਾਨ ਕਾਰਡ, ਈ ਸ਼ਰਮ ਕਾਰਡ, ਆਭਾ ਕਾਰਡ ਆਦਿ ਬਣਾਏ ਗਏ ਹਨ। ਇਸ ਮੌਕੇ ਮੰਡਲ ਪ੍ਰਧਾਨ ਜਗਦੀਸ਼ ਕਾਜਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵਲੋਂ ਗ਼ਰੀਬ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਹਿੱਤ 5 ਲੱਖ ਦੀ ਬੀਮਾ ਰਾਸ਼ੀ ਵਾਲੀ ਆਯੂਸ਼ਮਾਨ ਯੋਜਨਾ ਸ਼ੁਰੂ ਕੀਤੀ ਗਈ ਸੀ, ਜੋ ਲੋਕਾਂ ਲਈ ਮਦਦਗਾਰ ਸਾਬਤ ਹੋ ਰਹੀ ਹੈ। ਉਹਨਾਂ ਨੇ ਕਿਹਾ ਕਿ ਇਸ ਸਕੀਮ ਤੋਂ ਇਲਾਵਾ ਕੇਂਦਰ ਸਰਕਾਰ ਵਲੋਂ ਦਿਹਾੜੀਦਾਰ ਮਜ਼ਦੂਰਾਂ ਦੇ ਵਿਕਾਸ ਲਈ ਈ ਸ਼ਰਮ ਯੋਜਨਾ ਸ਼ੁਰੂ ਕੀਤੀ ਗਈ ਜਿਸ ਦਾ ਲਾਭ ਪਹੁੰਚਾਉਣ ਲਈ ਅੱਜ ਸੈਂਕੜੇ ਲੋੜਵੰਦਾਂ ਦੇ ਕਾਰਡ ਬਣਾਏ ਗਏ ਹਨ। ਉਹਨਾਂ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮਕਸਦ ਲੋਕਾਂ ਤੱਕ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਪਹੁੰਚਾਉਣਾ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਚਾਹੁੰਦੀ ਕਿ ਪੰਜਾਬ ਦੇ ਲੋਕਾਂ ਨੂੰ ਮੋਦੀ ਸਰਕਾਰ ਦੀ ਸਕੀਮਾਂ ਦਾ ਲਾਭ ਮਿਲੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਕਿਸਾਨ ਸਨਮਾਨ ਨਿਧੀ ਯੋਜਨਾ ਮੋਦੀ ਸਰਕਾਰ ਦਾ ਕਿਸਾਨਾਂ ਪ੍ਰਤੀ ਪਿਆਰ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਕੈਂਪ ਵਿਚ ਜਿਨ੍ਹਾਂ ਕਿਸਾਨਾਂ ਦੀ ਕੇਵਾਈਸੀ ਨਾ ਹੋਣ ਕਾਰਨ ਲਾਭ ਰੁਕਿਆ ਹੋਇਆ ਸੀ, ਉਸ ਨੂੰ ਦਰੁਸਤ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਜ਼ਾਰੀ ਕਿਸ਼ਤਾਂ ਦਾ ਲਾਭ ਮਿਲੇਗਾ। ਇਸ ਮੌਕੇ ਕੈਂਪ ਵਿਚ 190 ਦੇ ਕਰੀਬ ਲੋਕਾਂ ਵਲੋਂ ਵੱਖ-ਵੱਖ ਸਕੀਮਾਂ ਦੇ ਕਾਰਡ ਬਣਾਏ ਗਏ। ਇਸ ਮੌਕੇ ਸੁਧੀਰ ਮਲਹੋਤਰਾ, ਅਨਿਲ ਕੁਮਾਰ ਸਿੰਘ, ਰਵੀ ਵਾਲੀਆ, ਰਾਕੇਸ਼ ਵਰਮਾ, ਟੋਨੀ ਵਰਮਾ, ਕ੍ਰਿਸ਼ਨਾ ਵੋਹਰਾ, ਸ਼੍ਰੀਰਾਮ ਵਰਮਾ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਜੋਤ ਕੌਰ, ਸ਼ਿਵਾਂਗੀ ਰਾਵਤ, ਸੰਜੇ ਪ੍ਰਤਾਪ ਜੈਨ, ਤਾਰਾ ਚੰਦ, ਰਿਤਿਕਾ, ਸਪਨਾ ਆਦਿ ਹਾਜ਼ਰ ਸਨ।

# ਡਾਕਟਰ ਬੀ.ਆਰ. ਅੰਬੇਡਕਰ NIT ਜਲੰਧਰ ਨੇ ਬਾਸਕਟਬਾਲ ਅਤੇ ਟੇਬਲ ਟੈਨਿਸ ਵਿੱਚ ਸਾਰੇ ਭਾਰਤੀ ਇੰਟਰ NIT ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ

**ਜਲੰਧਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜਲੰਧਰ, ਪੰਜਾਬ: ਡਾਕਟਰ ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਟਿਊਟ ਆਫ ਟੈਕਨੋਲੋਜੀ (NIT) ਜਲੰਧਰ ਨੂੰ ਖੁਸ਼ੀ ਹੈ ਕਿ ਉਹ 7 ਤੋਂ 9 ਫਰਵਰੀ 2025 ਤੱਕ ਬਾਸਕਟਬਾਲ ਅਤੇ ਟੇਬਲ ਟੇਨਿਸ ਵਿੱਚ ਸਾਰੇ ਭਾਰਤੀ ਇੰਟਰ NIT ਟੂਰਨਾਮੈਂਟ ਦੀ ਮੇਜ਼ਬਾਨੀ ਕਰ ਰਿਹਾ ਹੈ। ਇਹ ਟੂਰਨਾਮੈਂਟ ਦੇਸ਼ ਭਰ ਦੇ ਪ੍ਰਮੁੱਖ ਖਿਡਾਰੀਆਂ ਨੂੰ ਇਕੱਠਾ ਕਰੇਗਾ, ਜੋ ਕਿ ਪ੍ਰਤਿਸ਼ਠਿਤ NITs ਦਾ ਪ੍ਰਤਿਨਿਧਿਤਵ ਕਰਦੇ ਹੋਏ ਦੇਸ਼ ਦੇ ਦੋ ਪ੍ਰਸਿੱਧ ਖੇਡਾਂ ਵਿੱਚ ਮੁਕਾਬਲਾ ਕਰਨਗੇ।

ਇਹ ਇਵੈਂਟ ਡਾਕਟਰ ਬੀ.ਆਰ. ਅੰਬੇਡਕਰ NIT ਜਲੰਧਰ ਦੇ ਕੈਂਪਸ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿੱਥੇ ਰਾਜੀਕ ਅਤੇ ਮਸ਼ਹੂਰ ਖੇਡ ਸਹੂਲਤਾਂ ਅਤੇ ਇੱਕ ਮੁਕਾਬਲੇ ਵਾਲਾ ਮਾਹੌਲ ਹੋਵੇਗਾ ਜੋ ਭਾਗੀਦਾਰ ਵਿਦਿਆਰਥੀਆਂ ਦੀ ਬੇਹੱਦ ਪ੍ਰਤਿਭਾ ਅਤੇ ਖਿਡਾਰੀ ਭਾਵਨਾ ਨੂੰ ਦਰਸ਼ਾਉਣ ਦਾ ਵਾਅਦਾ ਕਰਦਾ ਹੈ। ਭਾਰਤ ਦੇ 26 NITs ਤੋਂ ਟੀਮਾਂ, ਜੋ 850 ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ, ਬਾਸਕਟਬਾਲ ਕੋਰਟਾਂ ਅਤੇ ਟੇਬਲ ਟੇਨਿਸ ਟੇਬਲਾਂ 'ਤੇ ਮੁਕਾਬਲਾ ਕਰਨਗੀਆਂ ਅਤੇ ਦੋਵੇਂ ਖੇਡਾਂ ਵਿੱਚ ਪ੍ਰਤਿਸ਼ਠਿਤ ਟਾਈਟਲਾਂ ਲਈ ਜੰਗ ਕਰਨਗੀਆਂ।

ਡਾਕਟਰ ਬੀ.ਆਰ. ਅੰਬੇਡਕਰ NIT ਜਲੰਧਰ ਨੇ ਸਦਾ ਹੀ ਆਪਣੇ ਵਿਦਿਆਰਥੀਆਂ ਵਿੱਚ ਖੇਡਾਂ ਅਤੇ ਵਿਦਿਆਕ ਸਹਾਇਕ ਗਤਿਵਿਧੀਆਂ ਨੂੰ ਪ੍ਰੋਤਸਾਹਿਤ ਕਰਨ ਵਿੱਚ ਅਗਵਾਈ ਕੀਤੀ ਹੈ, ਅਤੇ ਇਸ ਦੇਸ਼ੀ ਸਤਰ ਦੇ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਾ ਸੰਸਥਾ ਦੀ ਪ੍ਰਤਿਬੱਧਤਾ ਨੂੰ ਦਰਸਾਉਂਦਾ ਹੈ ਕਿ ਉਹ ਵਿਦਿਆਰਥੀ-ਖਿਡਾਰੀਆਂ ਲਈ ਪ੍ਰਤਿਭਾ ਨੂੰ ਫਲਾਹਵਰਦਾ ਅਤੇ ਇੱਕ ਮੰਚ ਪ੍ਰਦਾਨ ਕਰ ਰਹੀ ਹੈ ਜਿੱਥੇ ਉਹ ਆਪਣੇ ਸੁਝਾਅ ਅਤੇ ਲਾਗਾਤਾਰ ਪ੍ਰਸਿੱਧਤਾ ਨੂੰ ਦਰਸ਼ਾ ਸਕਦੇ ਹਨ।

ਇਹ ਇਵੈਂਟ ਇੱਕ ਪ੍ਰਤਿਸ਼ਠਿਤ ਭਾਵਨਾ ਅਤੇ ਯਾਰੀ ਦਾ ਮੇਲ-ਜੋਲ ਦੇਖੇਗਾ ਜਿਵੇਂ ਟੀਮਾਂ ਆਪਣੀ ਇੰਸਟੀਟਿਊਟ ਦੀ ਪ੍ਰਤਿਨਿਧਿਤਤਾ ਕਰਨਗੀਆਂ ਅਤੇ ਸਿਹਤਮੰਦ ਮੁਕਾਬਲੇ ਵਿੱਚ ਸ਼ਾਮਲ ਹੋਣਗੀਆਂ।

ਟੂਰਨਾਮੈਂਟ ਦੀ ਸ਼ੁਰੂਆਤ ਡਾਇਰੈਕਟਰ ਪ੍ਰੋ. ਬਿਨੋਦ ਕੁਮਾਰ ਕਨੌਜੀਆ, ਪ੍ਰੋ. ਅਨੀਸ਼ ਸਚਦੇਵਾ, ਡੀਨ ਸਟੂਡੈਂਟਸ ਵੇਲਫੇਅਰ, ਪ੍ਰੋ. ਸੁਭਾਸ਼ ਚੰਦਰ, ਡੀਨ ਪਲੈਨਿੰਗ, ਡਾ. ਜੀ.ਐੱਸ. ਢਾਲੀਵਾਲ, ਪ੍ਰੋ. ਫਿਜ਼ੀਕਲ ਐਜੂਕੇਸ਼ਨ ਸਪੋਰਟਸ ਅਤੇ ਡਾ. ਵਿਜੈ ਕੁਮਾਰ ਮਿਸ਼ਰਾਂ, ਕੋਆਰਡੀਨੇਟਰ ਫਿਜ਼ੀਕਲ ਐਜੂਕੇਸ਼ਨ ਸਪੋਰਟਸ ਦੁਆਰਾ ਟੀਮਾਂ ਦਾ ਪਰੀਚਯ ਦੇ ਕੇ ਕੀਤੀ ਗਈ ਸੀ। ਇਸ ਮੌਕੇ ਦੇ ਮੁੱਖ ਮਹਿਮਾਨ ਜਲੰਧਰ ਦੇ ਪੁਲਿਸ ਕਮਿਸ਼ਨਰ ਮਿਸਟਰ ਸਵਪਨ ਸ਼ਰਮਾ (IPS) ਸਨ। ਇਸ ਮੌਕੇ 'ਤੇ ਪ੍ਰੋ. ਅਨੀਸ਼ ਸਚਦੇਵਾ, ਡੀਨ ਸਟੂਡੈਂਟ ਵੈਲਫੇਅਰ ਨੇ ਸਭ ਦਾ ਸਵਾਗਤ ਕੀਤਾ ਅਤੇ ਸੰਬੋਧਨ ਕੀਤਾ। ਇਸ ਮੌਕੇ ਤੇ ਗੱਲ ਕਰਦੇ ਹੋਏ, ਪ੍ਰੋ. ਬਿਨੋਦ ਕੁਮਾਰ ਕਨੌਜੀਆ, ਡਾਇਰੈਕਟਰ NIT ਜਲੰਧਰ ਨੇ ਪ੍ਰਤਿਸ਼ਠਿਤ ਇਵੈਂਟ ਦੀ ਮੇਜ਼ਬਾਨੀ ਤੇ ਉਤਸ਼ਾਹ ਵਿਅਕਤ ਕੀਤਾ:

ਸਾਨੂੰ ਖੁਸ਼ੀ ਹੈ ਕਿ ਅਸੀਂ ਦੇਸ਼ ਦੇ 26 NITs ਤੋਂ 850 ਤੋਂ ਵੱਧ ਸਰਬੋਤਮ ਬਾਸਕਟਬਾਲ ਅਤੇ ਟੇਬਲ ਟੇਨਿਸ ਖਿਡਾਰੀਆਂ ਦਾ ਸਵਾਗਤ ਕਰ ਰਹੇ ਹਾਂ। ਇਹ ਟੂਰਨਾਮੈਂਟ ਨਾ ਸਿਰਫ ਖਿਡਾਰੀ ਭਾਵਨਾ ਦਾ ਤਿਉਹਾਰ ਹੋਵੇਗਾ, ਬਲਕਿ ਸਾਡੇ ਵਿਦਿਆਰਥੀਆਂ ਲਈ ਆਪਣੇ ਹੁਨਰ ਨੂੰ ਦਰਸ਼ਾਉਣ ਅਤੇ ਹੋਰ NITs ਦੇ ਸਾਥੀਆਂ ਨਾਲ ਜੁੜਨ ਦਾ ਇੱਕ ਮੰਚ ਹੋਵੇਗਾ। ਅਸੀਂ ਸਭ-ਪੱਖੀ ਵਿਕਾਸ ਲਈ ਇੱਕ ਉਤਸ਼ਾਹਿਤ ਮਾਹੌਲ ਪ੍ਰਦਾਨ ਕਰਨ ਵਿੱਚ ਪ੍ਰਤਿਬੱਧ ਹਾਂ, ਅਤੇ ਇਹ ਇਵੈਂਟ ਸਾਡੇ ਕੌਸ਼ਲ, ਟੀਮਵਰਕ ਅਤੇ ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਲਈ ਸਾਡੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ।

ਅੱਗੇ, ਮੁੱਖ ਮਹਿਮਾਨ ਸ਼੍ਰੀ ਸਵਪਨ ਸ਼ਰਮਾ ਨੇ NIT ਜਲੰਧਰ ਪ੍ਰਸ਼ਾਸਨ ਨੂੰ ਇੰਟਰ-NIT ਖੇਡ ਟੂਰਨਾਮੈਂਟ ਆਯੋਜਿਤ ਕਰਨ 'ਤੇ ਬਧਾਈ ਦਿੱਤੀ। ਉਨ੍ਹਾਂ ਨੇ ਭਾਗੀਦਾਰਾਂ ਨੂੰ ਖੇਡਾਂ ਵਿੱਚ ਆਪਣੀ ਪੂਰੀ ਕੋਸ਼ਿਸ਼ ਕਰਨ ਦੀ ਹੌਸਲਾ ਅਫਜ਼ਾਈ ਕੀਤੀ। ਖੇਡਾਂ ਸਾਡੀ ਸ਼ਰੀਰੀਕ ਸਿਹਤ ਨੂੰ ਨਾ ਸਿਰਫ ਬਢਾਉਂਦੀਆਂ ਹਨ, ਸਗੋਂ ਸਾਡੀ ਸ਼ਖਸੀਅਤ ਨੂੰ ਵੀ ਗਢਦੀਆਂ ਹਨ, ਅਤੇ ਅਸੀਂ ਅਨੁਸ਼ਾਸਨ, ਟੀਮਵਰਕ ਅਤੇ ਜਿੱਤ ਦੀ ਜਿੱਥੇ ਵੀ ਦ੍ਰਿਸ਼ਟੀ ਨੂੰ ਵੀ ਸਿਖਦੇ ਹਾਂ, ਮੁੱਖ ਮਹਿਮਾਨ ਨੇ ਕਿਹਾ। ਉਨ੍ਹਾਂ ਨੇ ਖਿਡਾਰੀਆਂ ਨੂੰ ਉਨ੍ਹਾਂ ਦੀ ਸਮਰਪਿਤਤਾ 'ਤੇ ਮੁਬਾਰਕਬਾਦ ਦਿੱਤੀ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜੇਕਰ ਜਿੱਤ ਜ਼ਰੂਰੀ ਹੈ ਤਾਂ ਵੀ ਟੂਰਨਾਮੈਂਟ ਦਾ ਸੱਚਾ ਮੁੱਲ ਆਪਣੇ ਸੀਮਾਵਾਂ ਨੂੰ ਧੱਕ ਕੇ ਪਹੁੰਚਣ ਵਿੱਚ, ਹਰ ਚੁਣੌਤੀ ਤੋਂ ਸਿਖਣ ਵਿੱਚ ਅਤੇ NITs ਵਿੱਚ ਏਕਤਾ ਨੂੰ ਵਧਾਉਣ ਵਿੱਚ ਹੈ। ਉਨ੍ਹਾਂ ਨੇ ਸਾਰੇ ਟੀਮਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਪ੍ਰਤਿਯੋਗਿਤਾ ਨੂੰ ਮਜ਼ੇ ਲੈਣ ਅਤੇ ਹਰ ਹਾਲਤ ਵਿੱਚ ਖਿਡਾਰੀ ਭਾਵਨਾ ਪ੍ਰਗਟ ਕਰਨ ਲਈ ਉਤਸ਼ਾਹਿਤ ਕੀਤਾ।

ਪ੍ਰੋ. ਅਜੇ ਬੰਸਲ, ਰਜਿਸਟਰਾਰ ਨੇ ਵੀ ਇਸ ਮੌਕੇ 'ਤੇ ਭਾਗੀਦਾਰਾਂ ਨੂੰ ਸੰਬੋਧਿਤ ਕੀਤਾ ਅਤੇ ਆਉਣ ਵਾਲੇ ਟੂਰਨਾਮੈਂਟ ਲਈ ਉਤਸ਼ਾਹਿਤ ਕੀਤਾ।

ਟੂਰਨਾਮੈਂਟ ਵਿੱਚ ਬਾਸਕਟਬਾਲ ਅਤੇ ਟੇਬਲ ਟੇਨਿਸ ਵਿੱਚ ਪ੍ਰਸਿੱਧ ਖਿਡਾਰੀਆਂ ਦੁਆਰਾ ਉਹਨਾਂ ਦੀ ਵਿਸ਼ੇਸ਼ ਕੁਸ਼ਲਤਾ ਦਰਸ਼ਾਈ ਜਾਵੇਗੀ। ਦਰਸ਼ਕ, ਜਿਸ ਵਿੱਚ ਵਿਦਿਆਰਥੀ, ਫੈਕਲਟੀ ਅਤੇ ਖੇਡਾਂ ਦੇ ਪ੍ਰੇਮੀ ਸ਼ਾਮਲ ਹਨ, ਨੂੰ ਤਣਾਅਪੂਰਨ ਮੁਕਾਬਲੇ ਨੂੰ ਦੇਖਣ ਅਤੇ ਆਪਣੇ ਟੀਮਾਂ ਨੂੰ ਉਤਸ਼ਾਹਿਤ ਕਰਨ ਲਈ ਬੁਲਾਇਆ ਗਿਆ ਹੈ।

# ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ ਮੀਟਿੰਗ



**ਤਰਨ ਤਾਰਨ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ.ਏ.ਐੱਸ. ਵੱਲੋਂ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ ਮੀਟਿੰਗ ਕੀਤੀ ਗਈ।

ਇਸ ਮੌਕੇ ਡਾ. ਕਰਮਬੀਰ ਸਿੰਘ ਪੀ. ਸੀ. ਐੱਸ. ਐਕਸਟਰਾ ਅਸਿਸਟੈਂਟ ਕਮਿਸ਼ਨਰ (ਅੰਡਰ ਟਰੇਨਿੰਗ), ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਹਰਜਿੰਦਰ ਸਿੰਘ ਸੰਧੂ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਸ੍ਰੀ ਬਿਕਰਮਜੀਤ ਸਿੰਘ ਪੁਰੇਵਾਲ, ਐਕਸੀਅਨ ਪੀ. ਡਬਲਯੂ. ਡੀ. ਸ੍ਰੀ ਇੰਦਰਜੀਤ ਸਿੰਘ ਅਤੇ ਸਮੂਹ ਬੀ. ਡੀ. ਪੀ. ਓਜ਼ ਤੋਂ ਇਲਾਵਾ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ, ਲਿੰਕ ਸੜਕਾਂ ਦਾ ਨਿਰਮਾਣ ਤੇ ਮੁਰੰਮਤ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਦੇ ਵਿਕਾਸ ਦੀ ਕਰਵਾਏ ਜਾ ਰਹੇ ਵੱਖ-ਵੱਖ ਕੰਮਾਂ ਅਤੇ ਮਗਨਰੇਗਾ ਅਧੀਨ ਕਰਵਾਏ ਜਾ ਰਹੇ ਕਾਰਜਾਂ ਸਬੰਧੀ ਵਿਸਥਾਰ ਪੂਰਵਕ ਜਾਇਜ਼ਾ ਲਿਆ ਗਿਆ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਸਮੂਹ ਵਿਕਾਸ ਕਾਰਜਾਂ ਲਈ ਸਰਕਾਰ ਵਲੋਂ ਜਾਰੀ ਫੰਡਾਂ ਦੀ ਸੁਚੱਜੀ ਵਰਤੋਂ ਅਤੇ ਕੰਮ ਦੀ ਗੁਣਵੱਤਾ ਯਕੀਨੀ ਬਣਾਉਣ ਦੇ ਨਾਲ-ਨਾਲ ਵਿਕਾਸ ਕੰਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨੀ ਯਕੀਨੀ ਬਣਾਈ ਜਾਵੇ।

ਉਹਨਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਮੁਕੰਮਲ ਹੋਏ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਤੁਰੰਤ ਭੇਜੇ ਜਾਣ ਤਾਂ ਜੋ ਇਸ ਦੀ ਰਿਪੋਰਟ ਸਮੇਂ ਸਿਰ ਸਰਕਾਰ ਨੂੰ ਭੇਜੀ ਜਾ ਸਕੇ। ਉਨ੍ਹਾਂ ਸਮੂਹ ਬੀ. ਡੀ. ਪੀ. ਓਜ਼ ਤੋਂ ਵੱਖ-ਵੱਖ ਸਰਕਾਰੀ ਯੋਜਨਾਵਾਂ ਤਹਿਤ ਪ੍ਰਾਪਤ ਗ੍ਰਾਂਟਾਂ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਵਿਕਾਸ ਕੰਮਾਂ ਵਿਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਲਗਾਤਾਰ ਫ਼ੰਡ ਜਾਰੀ ਕੀਤੇ ਜਾ ਰਹੇ ਹਨ ਤੇ ਅਧਿਕਾਰੀ ਇਹ ਯਕੀਨੀ ਬਣਾਉਣ ਕਿ ਕੋਈ ਵੀ ਕੰਮ ਮਿੱਥੇ ਸਮੇਂ ਤੋਂ ਲੇਟ ਨਾ ਹੋਵੇ। ਉਨ੍ਹਾਂ ਕਿਹਾ ਕਿ ਮੀਟਿੰਗ ਦਾ ਮਨੋਰਥ ਵੱਖ-ਵੱਖ ਵਿਭਾਗਾਂ ਦਾ ਆਪਸੀ ਤਾਲਮੇਲ ਕਰਵਾਕੇ ਚੱਲ ਰਹੇ ਅਤੇ ਹੋਰ ਸ਼ੁਰੂ ਕੀਤੇ ਜਾਣ ਵਾਲੇ ਕੰਮਾਂ 'ਚ ਤੇਜ਼ੀ ਲਿਆਉਣਾ ਹੈ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਪੈਟਰੋਲ ਪੰਪ ਉੱਤੇ ਧਰਨਾ

## ਪੰਪ ਮਾਲਕ 'ਤੇ ਕਿਸਾਨ ਦੇ ਪੈਸੇ ਵਾਪਸ ਨਾ ਕਰਨ ਦੇ ਦੋਸ਼




ਪੈਟਰੋਲ ਪੰਪ ਉੱਤੇ ਧਰਨੇ ਦੌਰਾਨ ਨਾਅਰੇਬਾਜ਼ੀ ਕਰਦੇ ਹੋਏ ਲੋਕ।

**ਪਾਤੜਾਂ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਪਾਤੜਾਂ ਨੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਦੁਤਾਲ ਨੇੜਲੇ ਇੱਕ ਪੈਟਰੋਲ ਪੰਪ 'ਤੇ ਮੁਜ਼ਾਹਰਾ ਕੀਤਾ। ਯੂਨੀਅਨ ਆਗੂਆਂ ਨੇ ਦੋਸ਼ ਲਾਇਆ ਕਿ ਪੈਟਰੋਲ ਪੰਪ ਮਾਲਕਾਂ ਵੱਲੋਂ ਇੱਕ ਕਿਸਾਨ ਨਾਲ ਤਿੰਨ ਲੱਖ ਰੁਪਏ ਦੀ ਕਥਿਤ ਠੱਗੀ ਮਾਰੀ ਗਈ ਹੈ। ਇਸ ਖ਼ਿਲਾਫ਼ ਜਥੇਬੰਦੀ ਵੱਲੋਂ ਅੱਜ ਪੈਟਰੋਲ ਪੰਪ ਸਾਹਮਣੇ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਇਕੱਤਰ ਕਿਸਾਨਾਂ ਨੇ ਪੰਪ ਮਾਲਕ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।

ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਦੱਸਿਆ ਕਿ ਪੈਟਰੋਲ ਪੰਪ ਦੇ ਮਾਲਕਾਂ ਦਾ ਪਿੰਡ ਮੋਮੀਆ ਦੇ ਕਿਸਾਨ ਗੁਰਵਿੰਦਰ ਸਿੰਘ ਨਾਲ ਪੈਸਿਆਂ ਦਾ ਲੈਣ-ਦੇਣ ਚੱਲਦਾ ਸੀ ਪਰ ਹੁਣ ਪੈਟਰੋਲ ਪੰਪ ਵਾਲਿਆਂ ਵੱਲੋਂ ਉਸ ਕਿਸਾਨ ਕੋਲੋਂ ਲਏ ਤਿੰਨ ਲੱਖ ਰੁਪਏ ਵਾਪਸ ਨਹੀਂ ਦਿੱਤੇ ਜਾ ਰਹੇ। ਸ੍ਰੀ ਬੁੱਟਰ ਨੇ ਕਿਹਾ ਕਿ ਪੀੜਤ ਕਿਸਾਨ ਨੇ ਇਨਸਾਫ਼ ਲਈ ਕਾਫ਼ੀ ਭੱਜ-ਦੌੜ ਕੀਤੀ ਪਰ ਜਦੋਂ ਇਨਸਾਫ਼ ਨਾ ਮਿਲਿਆ ਤਾਂ ਉਸ ਨੇ ਕਿਸਾਨ ਜਥੇਬੰਦੀ ਕੋਲ ਪਹੁੰਚ ਕਰ ਕੇ ਮਦਦ ਮੰਗੀ। ਇਸ 'ਤੇ ਜਥੇਬੰਦੀ ਨੇ ਸੰਕੇਤਕ ਧਰਨਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਪੈਟਰੋਲ ਪੰਪ ਦੇ ਮਾਲਕਾਂ ਨੇ ਕਿਸਾਨ ਕੋਲੋਂ ਲਈ ਰਕਮ ਵਾਪਸ ਨਾ ਕੀਤੀ ਗਈ ਤਾਂ 13 ਫਰਵਰੀ ਤੋਂ ਪੈਟਰੋਲ ਪੰਪ ਉੱਤੇ ਅਣਮਿੱਥੇ ਸਮੇਂ ਦਾ ਮੋਰਚਾ ਲਗਾਇਆ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਧੂਹੜ, ਸਲਵਿੰਦਰ ਸਿੰਘ ਸ਼ੁਤਰਾਣਾ, ਲਾਭ ਸਿੰਘ ਦੁਗਾਲ, ਸੂਬੇਦਾਰ ਨਰਾਤਾ ਸਿੰਘ, ਜਰਨੈਲ ਸਿੰਘ ਬਕਰਾਹਾ, ਜਿੰਦਰ ਸਿੰਘ ਭਾਗੋਮਾਜਰੀ, ਸਾਹਿਬ ਸਿੰਘ ਹਰਚੰਦਪੁਰਾ, ਜਗਤਾਰ ਸਿੰਘ ਧੂਹੜ, ਜਰਨੈਲ ਸਿੰਘ ਕਲਵਾਨੂੰ, ਜਲੰਧਰ ਸਿੰਘ ਸ਼ੁਤਰਾਣਾ, ਸਵਿੰਦਰ ਸਿੰਘ, ਬੀਬੀ ਮਹਿੰਦਰ ਕੌਰ, ਕਸਮੀਰ ਕੌਰ, ਕੁਲਬੀਰ ਕੌਰ ਆਦਿ ਹਾਜ਼ਰ ਸਨ।

ਪੈਟਰੋਲ ਪੰਪ ਦੇ ਮਾਲਕ ਚੂਹੜ ਸਿੰਘ ਨੇ ਦੱਸਿਆ ਕਿ ਇਸ ਪੰਪ 'ਤੇ ਪਹਿਲਾਂ ਦਇਆ ਸਿੰਘ ਨਾਂ ਦਾ ਮਨੀਮ ਕੰਮ ਕਰਦਾ ਸੀ। ਉਸ ਦਾ ਬਹੁਤ ਸਾਰੇ ਲੋਕਾਂ ਨਾਲ ਪੈਸਿਆਂ ਦਾ ਲੈਣ-ਦੇਣ ਚਲਦਾ ਸੀ।

ਉਨ੍ਹਾਂ ਦੱਸਿਆ ਕਿ ਦਇਆ ਸਿੰਘ ਨੇ ਇਕ ਹਲਫ਼ੀਆ ਦਿੱਤਾ ਹੈ ਕਿ ਇਸ ਪੈਸੇ ਦੇ ਲੈਣ-ਦੇਣ ਉਹ ਖ਼ੁਦ ਕਰੇਗਾ। ਚੂਹੜ ਸਿੰਘ ਨੇ ਦੱਸਿਆ ਕਿ ਦਇਆ ਸਿੰਘ ਅਤੇ ਉਸ ਦੇ ਕਰੀਬੀਆਂ ਖ਼ਿਲਾਫ਼ ਸਾਲ 2022 ਵਿੱਚ ਕੇਸ ਦਰਜ ਹੋਇਆ ਸੀ ਜਿਸ ਦਾ ਚਲਾਨ ਵੀ ਪੇਸ਼ ਹੋ ਚੁੱਕਿਆ ਹੈ। ਹੁਣ ਉਹ ਤੇ ਉਸ ਦੇ ਰਿਸ਼ਤੇਦਾਰ ਜ਼ਮਾਨਤ 'ਤੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਖ਼ਿਲਾਫ਼ ਪੰਜਾਬ ਹਰਿਆਣਾ ਹਾਈ ਕੋਰਟ ਸਣੇ ਸਮਾਣਾ ਦੀ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ। ਚੂਹੜ ਸਿੰਘ ਨੇ ਕਿਹਾ ਕਿ ਕਿਸਾਨ ਜਥੇਬੰਦੀ ਦੇ ਆਗੂ ਉਨ੍ਹਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਦਇਆ ਸਿੰਘ ਵੱਲੋਂ ਦਿੱਤਾ ਹਲਫ਼ੀਆ ਬਿਆਨ ਕਿਸਾਨ ਜਥੇਬੰਦੀ ਦੇ ਆਗੂਆਂ ਨੂੰ ਦਿਖਾਉਣ ਅਤੇ ਅਦਾਲਤ ਵਿੱਚ ਚੱਲਦੇ ਕੇਸ ਬਾਰੇ ਦੱਸਣ ਦੇ ਬਾਵਜੂਦ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

# ਐਂਟੀ ਕਰੱਪਸ਼ਨ ਐਂਟੀ ਕ੍ਰਾਈਮ ਫਾਊਂਡੇਸ਼ਨ ਪੰਜਾਬ ਵੱਲੋਂ ਲਗਾਏ ਕੈਂਪ ਦੌਰਾਨ 160 ਮਰੀਜ਼ਾਂ ਦੀ ਜਾਂਚ

**ਰਾਜਪੁਰਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਂਟੀ ਕਰੱਪਸ਼ਨ ਐਂਟੀ ਕ੍ਰਾਈਮ ਫਾਊਂਡੇਸ਼ਨ ਪੰਜਾਬ ਵੱਲੋਂ ਸੰਤੋਸ਼ੀ ਮਾਤਾ ਮੰਦਰ ਪਟੇਲ ਕਲੋਨੀ ਵਿੱਚ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਰਿਸ਼ੀ ਰਾਜ ਸ਼ਰਮਾ ਦੀ ਅਗਵਾਈ ਹੇਠ ਗਿਆਨ ਸਾਗਰ ਹਸਪਤਾਲ ਬਨੂੜ ਦੇ ਸਹਿਯੋਗ ਨਾਲ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਪ੍ਰਵੀਨ ਛਾਬੜਾ ਨੇ ਕੀਤਾ। ਕੈਂਪ ਵਿੱਚ 160 ਮਰੀਜ਼ਾਂ ਨੇ ਮੁਫ਼ਤ ਸਰੀਰਕ ਜਾਂਚ ਕਰਵਾਈ। ਗਿਆਨ ਸਾਗਰ ਹਸਪਤਾਲ ਵੱਲੋਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਤੇ ਸ਼ੂਗਰ ਤੇ ਖ਼ੂਨ ਦੇ ਟੈਸਟ ਕੀਤੇ ਗਏ। ਮੁੱਖ ਮਹਿਮਾਨ ਸ੍ਰੀ ਛਾਬੜਾ ਨੇ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਫਾਊਂਡੇਸ਼ਨ ਦੇ ਪ੍ਰਧਾਨ ਸ੍ਰੀ ਸ਼ਰਮਾ ਨੇ ਦੱਸਿਆ ਕਿ ਕੈਂਪ ਵਿੱਚ ਵੱਖ ਵੱਖ ਤਰ੍ਹਾਂ ਦੇ ਮਾਹਿਰ ਡਾਕਟਰਾਂ ਨੇ ਆਪਣੀ ਸੇਵਾ ਨਿਭਾਈ।

ਇਸ ਮੌਕੇ ਸੰਤੋਸ਼ੀ ਮਾਤਾ ਮੰਦਰ ਵੱਲੋਂ ਮਰੀਜ਼ਾਂ ਤੇ ਉਨ੍ਹਾਂ ਨਾਲ ਆਏ ਸਹਿਯੋਗੀਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਫਾਊਂਡੇਸ਼ਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਵੀ ਧੀਮਾਨ, ਜ਼ਿਲ੍ਹਾ ਕਾਨੂੰਨੀ ਸਲਾਹਕਾਰ ਗੁਲਾਬ ਸਿੰਘ ਆਰੀਅਨ, ਸਕੱਤਰ ਰਾਜੀਵ ਕੁਮਾਰ, ਮੈਂਬਰ ਰਿਸ਼ਵ ਕੁਮਾਰ, ਸ਼ਤੋਸ਼ੀ ਮਾਤਾ ਮੰਦਰ ਕਮੇਟੀ ਦੇ ਪ੍ਰਧਾਨ ਸੁਨੀਲ ਕੁਮਾਰ, ਦਵਿੰਦਰ ਸ਼ਰਮਾ, ਵਿਜੈ ਕੁਮਾਰ, ਭਗਵਾਨ ਦਾਸ, ਪੂਰਨ ਚਿਲਾਨੀ ਤੇ ਮੰਦਰ ਕਮੇਟੀ ਮੈਂਬਰ ਸ਼ਾਮਲ ਸਨ।




ਕੈਂਪ ਵਿੱਚ ਮਰੀਜ਼ਾਂ ਦੀ ਜਾਂਚ ਕਰਦੇ ਹੋਏ ਡਾਕਟਰ।

# ਨਨਿਓਲਾ 'ਚ ਕੈਂਪ ਦੌਰਾਨ 56 ਯੂਨਿਟ ਖ਼ੂਨ ਇਕੱਤਰ

**ਦੇਵੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਨਨਿਓਲਾ ਦੇ ਗੁਰੂ ਸਿੰਘ ਸਭਾ ਗੁਰਦੁਆਰੇ ਵਿੱਚ ਪ੍ਰਬੰਧਕ ਕਮੇਟੀ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਵਿੱਚ 56 ਵਾਲੰਟੀਅਰਾਂ ਨੇ ਖ਼ੂਨ ਦਾਨ ਕੀਤਾ। ਕੈਂਪ ਦਾ ਰਸਮੀ ਉਦਘਾਟਨ ਭਾਈ ਮਹਿੰਦਰ ਸਿੰਘ ਤੇ ਪਰਮਜੀਤ ਭੀਤਾ ਨਨਿਓਲਾ ਨੇ ਖ਼ੁਦ ਖ਼ੂਨ ਦਾਨ ਕਰ ਕੇ ਕੀਤਾ।

ਇਸ ਮੌਕੇ ਪ੍ਰਧਾਨ ਸੰਦੀਪ ਸਿੰਘ, ਦਵਿੰਦਰ ਸਿੰਘ, ਕੁਲਦੀਪ ਸਿੰਘ, ਹਰਜਿੰਦਰ ਸਿੰਘ, ਤਰਸੇਮ ਸਿੰਘ, ਰੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਧਿਆਨ ਸਿੰਘ, ਰਣਜੀਤ ਸਿੰਘ ਨੇ ਸਹਿਯੋਗ ਦਿੱਤਾ। ਸਮੂਹ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਖ਼ੂਨਦਾਨ ਕਰਨਾ ਤੰਦਰੁਸਤੀ ਦੀ ਨਿਸ਼ਾਨੀ ਹੈ ਅਤੇ ਦਾਨ ਕੀਤੇ ਖ਼ੂਨ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਦੀ ਹੈ।

## ਸੰਪਾਦਕੀ

# ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਦੇ ਦਸ ਸਾਲ

ਦੇਸ਼ ਵਿਚ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਦੇ ਦਸ ਸਾਲ ਪੂਰੇ ਹੋਣ ’ਤੇ ਆਦਰਸ਼ ਬਾਲ ਲਿੰਗ ਅਨੁਪਾਤ ਵੱਲ ਸੇਧਿਤ ਇਸ ਪ੍ਰੋਗਰਾਮ ਦਾ ਲੇਖਾ-ਜੋਖਾ ਕਰਨਾ ਬਣਦਾ ਹੈ ਕਿ ਇਸ ਨਾਲ ਲੜਕੀਆਂ ਕਿੰਨੀਆਂ ਕੁ ਸਮਰੱਥ ਬਣੀਆਂ ਹਨ ਅਤੇ ਇਨ੍ਹਾਂ ਦੀ ਸਿੱਖਿਆ ਵਿੱਚ ਕਿੰਨਾ ਕੁ ਸੁਧਾਰ ਹੋਇਆ ਹੈ। ‘ਬੇਟੀ ਬਚਾਓ ਬੇਟੀ ਪੜ੍ਹਾਓ’ ਪ੍ਰੋਗਰਾਮ ਦੀ ਦਸਵੀਂ ਵਰ੍ਹੇਗੰਢ ਮੌਕੇ ਜਾਰੀ ਸਰਕਾਰੀ ਬਿਆਨ ਅਨੁਸਾਰ ਜਨਮ ਸਮੇਂ ਲਿੰਗਕ ਅਨੁਪਾਤ 918 (2014-15) ਤੋਂ ਸੁਧਰ ਕੇ (2023-24) ਵਿੱਚ 930 ਹੋ ਗਿਆ। ਇਸੇ ਅਰਸੇ ਦੌਰਾਨ ਸੈਕੰਡਰੀ ਸਿੱਖਿਆ ਵਿੱਚ ਲੜਕੀਆਂ ਦਾ ਦਾਖ਼ਲਾ 75.5% ਤੋਂ ਵਧ ਕੇ 78% ਹੋ ਗਿਆ। ਇਨ੍ਹਾਂ ਤੋਂ ਇਲਾਵਾ ਔਰਤਾਂ ਨੂੰ ਹੁਨਰਮੰਦ ਸਿਖਲਾਈ, ਆਰਥਿਕ ਪਹਿਲਕਦਮੀਆਂ ਅਤੇ ਵਿਆਪਕ ਸਮੁਦਾਇਕ ਵਾਬਸਤਗੀ ਰਾਹੀਂ ਸਮਰੱਥ ਬਣਾਇਆ ਗਿਆ। ਇਹ ਪ੍ਰਾਪਤੀਆਂ ਸ਼ਲਾਘਾਯੋਗ ਹਨ ਪਰ ਔਰਤਾਂ ਦੀ ਜ਼ਿੰਦਗੀ ਵਿੱਚ ਆਏ ਚੰਗੇ ਜਾਂ ਮਾੜੇ ਬਦਲਾਓ ਨੂੰ ਸਮਝਣ ਲਈ ਇਨ੍ਹਾਂ ਪੈਮਾਨਿਆਂ ਤੋਂ ਪਰੇ ਜਾਣਾ ਪਵੇਗਾ। ਤੁਲਨਾ ਲਈ ਅੰਕੜਿ ?ਆਂ ਦੀ ਲੋੜ ਪੈਂਦੀ ਹੈ ਅਤੇ ਭਾਰਤ ਵੱਖ-ਵੱਖ ਸਰਵੇਖਣਾਂ ਤੇ ਡੇਟਾ ਆਧਾਰਾਂ ’ਤੇ ਟੇਕ ਰੱਖਦਾ ਹੈ। ਇਨ੍ਹਾਂ ਵਿੱਚ ਸਿਵਲ ਰਜਿਸਟ੍ਰੇਸ਼ਨ ਪ੍ਰਣਾਲੀ (ਸਾਲਾਨਾ) ਅਤੇ ਕੌਮੀ ਪਰਿਵਾਰ ਸਿਹਤ ਸਰਵੇਖਣ (ਐੱਨਐੱਫਐੱਚਐੱਸ) ਸ਼ਾਮਿਲ ਹਨ। ਐੱਨਐੱਫਐੱਚਐੱਸ ਸਰਵੇਖਣ 2015-16 ਅਤੇ 2019-21 ਵਡੇਰੇ ਮੁੱਦਿਆਂ ਦੇ ਤੁਲਨਾਤਮਿਕ ਅਧਿਐਨ ਅਤੇ ਟੀਕਾ ਟਿੱਪਣੀ ਕਰਨ ਲਈ ਸਭ ਤੋਂ ਵੱਧ ਭਰੋਸੇਮੰਦ ਸਰੋਤ ਹਨ ਕਿਉਂ ਜੋ ਇਹ ਜਾਣਕਾਰੀ ਦਾ ਅਮੀਰ ਸਰੋਤ ਮੁਹੱਈਆ ਕਰਾਉਂਦੇ ਹਨ। ਸਾਰੇ ਅੰਕੜੇ ਆਉਣ ਤੋਂ ਬਾਅਦ ਔਰਤਾਂ ਦੀ ਤਰੱਕੀ ਦਾ ਸਹੀ ਪੈਮਾਨਾ ਇਹ ਹੁੰਦਾ ਹੈ ਕਿ ਸਮਾਜ ਵਿੱਚ ਔਰਤਾਂ ਦਾ ਦਰਜਾ ਕੀ ਹੈ। ਇਸ ਦੀ ਪੈਮਾਇਸ਼ ਕਰਦਿਆਂ ਕੁਝ ਚੀਜ਼ਾਂ ਹੋਰਨਾਂ ਦੇ ਮੁਕਾਬਲੇ ਜ਼ਿਆਦਾ ਮਾਇਨੇ ਰੱਖਦੀਆਂ ਹਨ। ਇਨ੍ਹਾਂ ਅਹਿਮ ਨਿਰਧਾਰਕਾਂ ’ਚੋਂ ਇੱਕ ਇਹ ਹੈ ਕਿ ਵਿਆਹ ਸਮੇਂ ਉਸ ਦੀ ਉਮਰ ਕਿੰਨੀ ਹੁੰਦੀ ਹੈ। ਇਹ ਇਸ ਲਈ ਹੁੰਦਾ ਕਿਉਂਕਿ ਗਰਭ ਧਾਰਨ ਕਰਨ ਅਤੇ ਬੱਚੇ ਨੂੰ ਪਾਲਣ ਲਈ ਲੜਕੀ ਦੀ ਸਿਹਤ ਅਤੇ ਸਮਝਦਾਰੀ ਦਾ ਪੀੜ੍ਹੀ ਦੀ ਸਿਹਤ ਉੱਪਰ ਅਸਰ ਪੈਂਦਾ ਹੈ। ਬੇਟੀ ਬਚਾਓ ਬੇਟੀ ਪੜ੍ਹਾਓ ’ਚੋਂ ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਲੜਕੀਆਂ ਦੇ ਵਿਆਹ ਦੀ ਉਮਰ ਉੱਪਰ ਵੱਲ ਗਈ ਹੈ ਅਤੇ ਕੀ ਨਾਬਾਲਗ ਲੜਕੀਆਂ ਦੇ ਗਰਭ ਧਾਰਨ ਕਰਨ ਵਿੱਚ ਕਮੀ ਆਈ ਹੈ ? ਜਿਹੜੀਆਂ ਲੜਕੀਆਂ ਘੱਟ ਉਮਰ ਵਿੱਚ ਵਿਆਹ ਦਿੱਤੀਆਂ ਜਾਂਦੀਆਂ ਹਨ, ਉਹ ਸਮਾਜਿਕ ਤੌਰ ’ਤੇ ਅਲੱਗ-ਥਲੱਗ ਹੋ ਕੇ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਫ਼ਲ ਹਾਸਿਲ ਕਰਨ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ। ਬਾਲ ਵਿਆਹ ਰੋਕਥਾਮ ਐਕਟ-2006 ਦੇ ਬਾਵਜੂਦ ਅਜੇ ਵੀ ਬਾਲ ਵਿਆਹਾਂ ਦੀ ਪ੍ਰਥਾ ਵੱਡੇ ਪੱਧਰ ’ਤੇ ਚੱਲ ਰਹੀ ਹੈ। ਐੱਨਐੱਫਐੱਚਐੱਸ ਦੇ ਅੰਕੜਿ ?ਆਂ ਵਿੱਚ ਬਾਲ ਵਿਆਹਾਂ ’ਚ ਕਮੀ ਦਾ ਖ਼ੁਲਾਸਾ ਹੋਇਆ ਪਰ ਅਜੇ ਵੀ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਬਾਲ ਵਿਆਹ 2005-06 ਵਿੱਚ 47% ਤੋਂ ਘਟ ਕੇ ਅਗਲੇ ਦਸ ਸਾਲਾਂ ਵਿੱਚ 26% ’ਤੇ ਆ ਗਏ ਸਨ; ਇਸ ਤੋਂ ਅਗਲੇ ਪੰਜ ਸਾਲਾਂ ਵਿੱਚ ਇਹ ਹੋਰ ਘਟ ਕੇ 23% ਰਹਿ ਗਏ। ਦੇਸ਼ ਦੀ ਆਬਾਦੀ ਦੇ ਆਕਾਰ ਨੂੰ ਦੇਖਦਿਆਂ 23% ਦਾ ਅੰਕੜਾ ਕਾਫ਼ੀ ਜ਼ਿਆਦਾ ਹੈ। ਇਹ ਠੀਕ ਹੈ ਕਿ ਜ਼ਿਆਦਾ ਬੱਚੀਆਂ ਨੂੰ ਕੁੱਖ ਵਿੱਚ ਮਾਰ ਦੇਣ ਤੋਂ ਬਚਾਇਆ ਗਿਆ ਹੈ ਪਰ ਜਿਹੜੀਆਂ ਬੱਚੀਆਂ ਨੂੰ 18 ਸਾਲ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਹੈ, ਉਨ੍ਹਾਂ ’ਚੋਂ ਜ਼ਿਆਦਾਤਰ ਨੂੰ ਪੋਸ਼ਣ ਅਤੇ ਪੜ੍ਹਾਈ ਦੇ ਲਾਭ ਨਹੀਂ ਮਿਲਦੇ ਕਿਉਂਕਿ ਹੋਰਨਾਂ ਕਾਰਕਾਂ ਤੋਂ ਇਲਾਵਾ ਲੜਕੀਆਂ ਵਿੱਚ ਇਨ੍ਹਾਂ ਸਾਲਾਂ ਵਿੱਚ ਖ਼ੂਨ ਦੀ ਘਾਟ ਸਭ ਤੋਂ ਵੱਧ ਹੁੰਦੀ ਹੈ; ਇਸ ਨਾਲ ਮਰੀਜ਼ ਦੀ ਸਿਹਤ ਉੱਪਰ ਦੂਰਗਾਮੀ ਪ੍ਰਭਾਵ ਪੈਂਦਾ ਹੈ। ਬੇਟੀ ਬਚਾਓ ਬੇਟੀ ਪੜ੍ਹਾਓ ਦਾ ਦੂਜਾ ਅਹਿਮ ਟੀਚਾ ਜੋ ਬਿਲਕੁਲ ਸਹੀ ਸੀ, ਕੁੱਖ ਵਿੱਚ ਬੱਚੀਆਂ ਨੂੰ ਮਾਰਨ ਦੀ ਪ੍ਰਥਾ ਖ਼ਤਮ ਕਰਨ ’ਤੇ ਕੇਂਦਰਿਤ ਸੀ। ਇਸ ਦੀ ਸਥਿਤੀ ਕੀ ਹੈ ? ਵਿਸ਼ਵ ਸਿਹਤ ਸੰਸਥਾ ਮੁਤਾਬਿਕ, 1000 ਲੜਕਿਆਂ ਪਿੱਛੇ 950 ਲੜਕੀਆਂ ਦੇ ਅੰਕੜੇ ਨੂੰ ਆਦਰਸ਼ਕ ਬਾਲ ਲਿੰਗਕ ਅਨੁਪਾਤ ਗਿਣਿਆ ਜਾਂਦਾ ਹੈ। ਹਾਲੀਆ ਐੱਨਐੱਫਐੱਚਐੱਸ-5 ਦੇ ਅੰਕੜਿ ?ਆਂ ਮੁਤਾਬਿਕ, ਜਨਮ ਲੈਣ ਵਾਲੇ ਹਰ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 919 ਤੋਂ ਵਧ ਕੇ 929 ਹੋ ਗਈ ਹੈ। ਇਹ ਚੰਗੀ ਪ੍ਰਾਪਤੀ ਹੈ ਪਰ ਕਈ ਸੂਬਿਆਂ ਦਾ ਅੰਕੜਾ ਅਜੇ ਸੰਤੁਸ਼ਟੀ ਦੇ ਪੱਧਰ ਤੋਂ ਕਾਫ਼ੀ ਹੇਠਾਂ ਹੈ। ਹਰਿਆਣਾ ਸਰਕਾਰ ਦੇ ਅੰਕੜਿ ?ਆਂ ਮੁਤਾਬਿਕ, 2024 ਦੇ ਪਹਿਲੇ ਦਸ ਮਹੀਨਿਆਂ ਵਿੱਚ ਪ੍ਰਤੀ 1000 ਲੜਕਿਆਂ ਪਿੱਛੇ 905 ਲੜਕੀਆਂ ਦੀ ਗਿਣਤੀ ਦਰਜ ਹੋਈ ਹੈ। ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਵਿੱਚ ਗੁਰੂਗ੍ਰਾਮ (859), ਰਿਵਾੜੀ (868), ਚਰਖੀ ਦਾਦਰੀ (873), ਰੋਹਤਕ (880), ਪਾਣੀਪਤ (890) ਅਤੇ ਮਹਿੰਦਰਗੜ੍ਹ (896) ਹਨ ਜਿਨ੍ਹਾਂ ਸਾਰਿਆਂ ਅੰਦਰ ਲਿੰਗਕ ਅਨੁਪਾਤ 900 ਤੋਂ ਘੱਟ ਹੈ। ਆਰਥਿਕ ਪ੍ਰਗਤੀ ਦੇ ਬਾਵਜੂਦ ਜ਼ਿਆਦਾਤਰ ਹਰਿਆਣਵੀ ਅਜੇ ਵੀ ਪੁੱਤਰ ਹੀ ਚਾਹੁੰਦੇ ਹਨ। ਕੁੱਲ ਮਿਲਾ ਕੇ ਸਿਰਫ਼ ਨਾਅਰੇ ਲਾਉਣ ਨਾਲ ਬੱਚੀਆਂ ਨੂੰ ਬਚਾਉਣ ਦੀ ਦਸ਼ਾ ਨਹੀਂ ਸੁਧਰੇਗੀ। ਲਿੰਗਕ ਅਨੁਪਾਤ ਵਿੱਚ ਗਿਰਾਵਟ ਦਾ ਮਤਲਬ ਹੈ ਕਿ ਬੱਚੀਆਂ ਨੂੰ ਅਜੇ ਵੀ ਕੁੱਖ ਵਿੱਚ ਮਾਰਿਆ ਜਾ ਰਿਹਾ ਹੈ। ਐੱਨਐੱਫਐੱਚਐੱਸ-5 ਮੁਤਾਬਿਕ, ਕਈ ਹੋਰਨਾਂ ਸੂਬਿਆਂ ਵਿੱਚ ਵੀ ਬਾਲ ਲਿੰਗ ਅਨੁਪਾਤ 932 ਤੋਂ ਘੱਟ ਹੈ। ਇਨ੍ਹਾਂ ਵਿੱਚ ਰਾਜਸਥਾਨ, ਝਾਰਖੰਡ, ਪੰਜਾਬ, ਤਿਲੰਗਾਨਾ, ਮਹਾਰਾਸ਼ਟਰ, ਬਿਹਾਰ, ਗੋਆ, ਹਿਮਾਚਲ ਪ੍ਰਦੇਸ਼, ਉੜੀਸਾ ਅਤੇ ਤਾਮਿਲ ਨਾਡੂ ਸ਼ਾਮਿਲ ਹਨ। ਹੋਰ ਤਾਂ ਹੋਰ ਦਿੱਲੀ ਅਤੇ ਚੰਡੀਗੜ੍ਹ ਵਿੱਚ ਵੀ ਲਿੰਗਕ ਅਨੁਪਾਤ ਸਹੀ ਨਹੀਂ। ਇਹ ਦਰਸਾਉਂਦਾ ਹੈ ਕਿ ਭਾਵੇਂ ਕੁਝ ਵੀ ਹੋਵੇ, ਸਿੱਖਿਆ ਤੇ ਸਰਮਾਇਆ, ਲਿੰਗ ਨਿਰਧਾਰਨ ਦੀ ਮੰਗ ਵਧਾਉਂਦਾ ਹੈ ਜਿਸ ਤੋਂ ਪੁੱਤਰਾਂ ਦੀ ਚਾਹ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸੇ ਦੌਰਾਨ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਪ੍ਰਤੱਖ ਸੁਧਾਰ ਆਇਆ ਹੈ। ਉਹ ਸੰਸਾਰ ਸਿਹਤ ਅਦਾਰੇ ਦੇ ਆਦਰਸ਼ ਮਾਪਦੰਡਾਂ ਨੇੜੇ-ਤੇੜੇ ਘੁੰਮ ਰਹੇ ਹਨ। ਇਹ ਦਰਸਾਉਂਦਾ ਹੈ ਕਿ ਸੂਬਾਈ ਲੀਡਰਸ਼ਿਪ ਕਿੰਨਾ ਸੁਧਾਰ ਲਿਆ ਸਕਦੀ ਹੈ। ਇਕ ਸਹੀ ਸੋਚ ਵਾਲਾ ਮੁੱਖ ਮੰਤਰੀ ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਸਬੰਧਿਤ ਸਿਹਤ ਪ੍ਰੋਗਰਾਮਾਂ ਨੂੰ ਪਹਿਲ ਦੇ ਕੇ ਕ੍ਰਿਸ਼ਮਾ ਕਰ ਸਕਦਾ ਹੈ। ਰਾਹਤ ਦੀ ਗੱਲ ਹੈ ਕਿ ਸਿਹਤ ਮੰਤਰਾਲੇ ਨੇ ਕੌਮੀ ਸਿਹਤ ਮਿਸ਼ਨ ਨੂੰ ਪੰਜ ਸਾਲਾਂ ਲਈ ਵਧਾ ਦਿੱਤਾ ਹੈ। 2005 ਵਿੱਚ ਸ਼ੁਰੂ ਹੋਏ ਸਿਹਤ ਮਿਸ਼ਨ ਨੇ ਔਰਤਾਂ ਦੇ ਸਿਹਤ ਸੂਚਕਾਂ ਨੂੰ ਸੁਧਾਰਨ ’ਚ ਕਿਸੇ ਵੀ ਹੋਰ ਪ੍ਰੋਗਰਾਮ ਨਾਲੋਂ ਵੱਧ ਯੋਗਦਾਨ ਪਾਇਆ ਹੈ। ਔਰਤਾਂ ਦੇ ਦਰਜੇ ਦੇ ਪ੍ਰਸੰਗ ਵਿੱਚ ਹਾਸਿਲ ਢੁੱਕਵੀਆਂ ਉਪਲਬਧੀਆਂ ’ਚ ਭਾਰਤ ਦੀ ਜਣਨ ਦਰ ਦੇ ਡਿੱਗ ਕੇ ਵਟਾਂਦਰਾ ਦੇ ਪੱਧਰ ਤੋਂ ਹੇਠਾਂ ਜਾਣਾ ਵੀ ਸ਼ਾਮਿਲ ਹੈ। ਇਹ ਭਾਵੇਂ ਨਵੀਂ ਚਿੰਤਾ ਦਾ ਵਿਸ਼ਾ ਹੈ ਕਿ ਉਨ੍ਹਾਂ ਰਾਜਾਂ ਦਾ ਕੀ ਹੋਵੇਗਾ ਜਿਹੜੇ ਬੁਢਾਪੇ ਵੱਲ ਵਧ ਰਹੇ ਹਨ ਪਰ ਚੰਗੀ ਗੱਲ ਇਹ ਹੈ ਕਿ ਪਛਾਣੇ ਗਏ ਜ਼ਿਲ੍ਹਿਆਂ ਨੂੰ ਛੱਡ ਕੇ, ਮੁੱਖ ਤੌਰ ’ਤੇ ਉੱਤਰ ਪ੍ਰਦੇਸ਼ ਤੇ ਬਿਹਾਰ ’ਚ ਅਣਚਾਹਿਆ ਤੇ ਵਾਰ-ਵਾਰ ਬੱਚਾ ਜੰਮਣ ਦੇ ਦਿਨ ਲੱਦ ਚੁੱਕੇ ਹਨ। ਇਹ ਔਰਤਾਂ ਲਈ ਵੱਡੀ ਬਰਕਤ ਹੈ। ਇਸ ਦੇ ਨਾਲ-ਨਾਲ ਸੰਸਥਾਈ ਜਨਮ, ਮਤਲਬ, ਮੈਡੀਕਲ ਨਿਗਰਾਨੀ ’ਚ ਹੋਣ ਵਾਲੇ ਜਨਮ ਕਾਫ਼ੀ ਵਧੇ ਹਨ। ਸੰਸਥਾਈ ਜਣਨ ਨਾਲ ਔਰਤਾਂ ਨੂੰ ਬਹੁਤ ਲਾਭ ਹੁੰਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਜਣੇਪੇ ਤੋਂ ਪਹਿਲਾਂ ਦੀ ਜਾਂਚ-ਪੜਤਾਲ ਯਕੀਨੀ ਬਣਦੀ ਹੈ ਤੇ ਉਹ ਅਗਲੇ ਜਣੇਪੇ ’ਚ ਰੱਖੇ ਜਾਣ ਵਾਲੇ ਸਮੇਂ ਦੇ ਅੰਤਰ ਬਾਰੇ ਜਾਗਰੂਕ ਹੋਣ ਦੇ ਨਾਲ-ਨਾਲ ਪਹਿਲਾਂ ਨਾਲੋਂ ਵੱਧ ਕੁਸ਼ਲ ਬਣਦੀਆਂ ਹਨ ਜਿਸ ਨਾਲ ਅਣਚਾਹਾ ਗਰਭ ਠਹਿਰਨ ਤੋਂ ਵੀ ਬਚਾਅ ਰਹਿੰਦਾ ਹੈ। ਨਤੀਜੇ ਵਜੋਂ ਜੱਚਾ-ਬੱਚਾ ਦੀ ਮੌਤ ਦਰ ਕਾਫ਼ੀ ਘਟ ਗਈ ਹੈ। ਸਾਫ਼-ਸੁਥਰੇ ਪੀਣ ਵਾਲੇ ਪਾਣੀ ਤੱਕ ਗ਼ਰੀਬ ਪਰਿਵਾਰਾਂ ਦੀ ਪਹੁੰਚ ਵਧਣ, ਪਖ਼ਾਨਿਆਂ ਤੇ ਸਫ਼ਾਈ ’ਚ ਹੋਏ ਸੁਧਾਰ ਅਤੇ ਖਾਣਾ ਪਕਾਉਣ ਵਾਲੇ ਸਾਫ਼ ਈਂਧਨ ਨੇ ਵੀ ਔਰਤਾਂ ਦੀ ਜ਼ਿੰਦਗੀ ਸੁਧਾਰੀ ਹੈ। ਇਹ ਪੱਖ ਭਾਵੇਂ ‘ਬੇਟੀ ਬਚਾਓ, ਬੇਟੀ ਪੜ੍ਹਾਓ’ ਨਾਲ ਸਿੱਧੇ ਤੌਰ ’ਤੇ ਜੁੜੇ ਨਹੀਂ ਹੋ ਸਕਦੇ, ਫਿਰ ਵੀ ਤਸੱਲੀ ਦਾ ਵੱਡਾ ਕਾਰਨ ਬਣੇ ਹਨ।

ਮਹੱਤਵਪੂਰਨ ਸੂਚਕਾਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਬੇਟੀ ਬਚਾਓ, ਬੇਟੀ ਪੜ੍ਹਾਓ ਨੂੰ ਵੱਖਰੀ ਬਰਾਬਰ ਇਕਾਈ ਬਣਾਏ ਬਿਨਾਂ ਸਪੱਸ਼ਟ ਹੈ ਕਿ ਔਰਤਾਂ ਦੇ ਦਰਜੇ ਵਿੱਚ ਸੁਧਾਰ ਆਇਆ ਹੈ। ਸਵਾਲ ਇਹ ਹੈ ਕਿ ਕਿੰਨਾ ਤੇ ਕਿਸ ਪੱਖ ਤੋਂ ਸੁਧਾਰ ਹੋਇਆ ਹੈ ? ਵਿਆਹ ਦੀ ਕਾਨੂੰਨੀ ਉਮਰ ਦਾ ਪਾਲਣ ਕਰਵਾਉਣ ਅਤੇ 20 ਸਾਲਾਂ ਦੀ ਉਮਰ ਤੋਂ ਬਾਅਦ ਹੀ ਜਣੇਪੇ ਨੂੰ ਉਤਸ਼ਾਹਿਤ ਕਰਨ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ। ਇਹ ਦੋਵੇਂ ਚੀਜ਼ਾਂ ਔਰਤਾਂ ਤੇ ਬੱਚਿਆਂ ਦੀ ਸਿਹਤ ’ਤੇ ਵੱਡਾ ਅਸਰ ਪਾਉਣਗੀਆਂ ਤੇ ਉਨ੍ਹਾਂ ਨੂੰ ਸਿੱਖਿਅਤ ਕਰਨ ਅਤੇ ਵਿੱਤੀ ਤੌਰ ’ਤੇ ਖ਼ੁਦਮੁਖ਼ਤਾਰ ਬਣਾਉਣ ਵਿਚ ਯੋਗਦਾਨ ਦੇਣਗੀਆਂ।

# ਮਲੋਟ ਦੇ ਕਈ ਗਲੀ ਮੁਹੱਲਿਆਂ ਦੇ ਵਿੱਚ ਚੱਲ ਰਿਹਾ ਹੈ ਨਸ਼ੇ ਦੇ ਕਾਰੋਬਾਰ ਸ਼ਰੇਆਮ

**ਮਲੋਟ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਅਤੇ ਪਿੰਡ ਮਲੋਟ ਦੇ ਵਿੱਚ ਸ਼ਰੇਆਮ ਚੱਲ ਰਿਹਾ ਹੈ ਕਈ ਪ੍ਰਕਾਰ ਦਾ ਨਸ਼ੇ ਦਾ ਕਾਰੋਬਾਰ ਜੇ ਗੱਲ ਕਰੀਏ ਮਲੋਟ ਸ਼ਹਿਰ ਦੇ ਕਈ ਗਲੀ ਮੁਹੱਲਿਆਂ ਦੇ ਵਿੱਚ ਸ਼ਰੇਆਮ ਵਿਕ ਰਿਹਾ ਹੈ ਨਸ਼ਾ ਹਰ ਪ੍ਰਕਾਰ ਦਾ ਨਸ਼ਾ ਕਈ ਅਜਿਹੀਆਂ ਗਲੀਆਂ ਹਨ ਅਜਿਹੇ ਮੁਹੱਲੇ ਹਨ ਜਿੱਥੇ ਕਿ ਨਸ਼ੇ ਦਾ ਕਾਰੋਬਾਰ ਸ਼ਰੇਆਮ ਚੱਲ ਰਿਹਾ ਹੈ ਇੱਕ ਪਾਸੇ ਤਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੈਬਿਨੇਟ ਮੰਤਰੀ ਕਹਿੰਦੇ ਹਨ ਕਿ ਨਸ਼ਾ ਵੇਚਣ ਵਾਲਿਆਂ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਪਰ ਜੋ ਮਲੋਟ ਸ਼ਹਿਰ ਦੇ ਕਈ ਗਲੀ ਮੁਹੱਲਿਆਂ ਦੇ ਵਿੱਚ ਜੋ ਨਸ਼ਾ ਵਿਕ ਰਿਹਾ ਹੈ ਉਸ ਵੱਲ ਤਾਂ ਕੋਈ ਪੁਲਿਸ ਪ੍ਰਸ਼ਾਸਨ ਵੀ ਧਿਆਨ ਨਹੀਂ ਦੇ ਰਿਹਾ ਅਤੇ ਜੇ ਗੱਲ ਕਰੀਏ ਪਿੰਡ ਮਲੋਟ ਦੀ ਜਿੱਥੇ ਨਸ਼ਾ ਸ਼ਰੇਆਮ ਵਿਕ ਰਿਹਾ ਹੈ ਉਸ ਪਾਸੇ ਤਾਂ ਪੁਲਿਸ ਪ੍ਰਸ਼ਾਸਨ ਦਾ ਵੀ ਕੋਈ ਧਿਆਨ ਨਹੀਂ ਜਾ ਰਿਹਾ ਪੰਜਾਬ ਸਰਕਾਰ ਗੱਲਾਂ ਤਾਂ ਵੱਡੀਆਂ ਵੱਡੀਆਂ ਕਰਦੀ ਹੈ ਵੀ ਅਸੀਂ ਐ ਕਰ ਦਿਆਂਗੇ ਅਸੀਂ ਜੋ ਕਰ ਦਿਆਂਗੇ ਪਰ ਹੁੰਦਾ ਕੁਝ ਵੀ ਨਹੀਂ ਗੱਲਾਂ ਨਾਲ ਤਾਂ ਹਰ ਕੋਈ ਕਹਿ ਦਿੰਦਾ ਮੈਂ ਕਰ ਦੂ ਮੈਂ ਵੋ ਕਰ ਦੂ ਪਰ ਜੋ ਚਿੱਟੇ ਨਸ਼ੇ ਦਾ ਕਾਰੋਬਾਰ ਚੱਲ ਰਿਹਾ ਹੈ ਚਿੱਟੇ ਦਾ ਨਸ਼ਾ ਇੰਝ ਵਿਕ ਰਿਹਾ ਹੈ ਜਿਵੇਂ ਕਿ ਕਰਿਆਨੇ ਦੀ ਦੁਕਾਨ ਤੇ ਗੋਲੀਆਂ ਟੋਫੀਆਂ ਵਿਕ ਰਹੀਆਂ ਹੋਣ ਅਜਿਹੇ ਹਾਲਾਤ ਨੇ ਮਲੋਟ ਦੀ ਸ਼ਹਿਰ ਦੇ ਅਤੇ ਪਿੰਡ ਦੇ ਤੇ ਪੁਲਿਸ ਪ੍ਰਸ਼ਾਸਨ ਅੱਖਾਂ ਤੇ ਪੱਟੀ ਬੰਨੀ ਬੈਠਾ ਵੇਖ ਰਿਹਾ ਹੈ ਤਮਾਸ਼ਾ ਇੱਕ ਪਾਸੇ ਤਾਂ ਇੰਜ ਲੱਗਦਾ ਹੈ ਜਿਵੇਂ ਕਿ ਪੁਲਿਸ ਮੁਲਾਜ਼ਮਾਂ ਦਾ ਨਸ਼ਾ ਤਸਕਰਾਂ ਨਾਲ ਮਹੀਨਾ ਬੰਨਿਆ ਹੋਵੇ ਜੋ ਇਸ ਵੱਲ ਧਿਆਨ ਨਹੀਂ ਦਿੰਦੇ

ਇਸ ਚਿੱਟੇ ਨੇ ਮਾਵਾਂ ਦੇ ਕਈ ਪੁੱਤ ਖੋ ਲਏ ਪਰ ਫਿਰ ਵੀ ਇਹ ਚਿੱਟੇ ਦਾ ਕਾਰੋਬਾਰ ਬੰਦ ਨਹੀਂ ਹੋ ਰਿਹਾ ਬੰਦ ਕਿਉਂ ਨਹੀਂ ਹੋ ਰਿਹਾ ਕਿਉਂਕਿ ਪ੍ਰਸ਼ਾਸਨ ਦਾ ਕੋਈ ਸਾਈ ਖਸਮ ਨਹੀਂ ਜੇ ਪ੍ਰਸ਼ਾਸਨ ਸਖਤਾਈ ਕਰੇ ਆਪਦੀ ਆਈ ਤੇ ਆਵੇ ਨਸ਼ੇ ਦਾ ਕਾਰੋਬਾਰ ਤਾਂ ਮਿੰਟਾਂ ਸਕਿੰਟਾਂ ਦੇ ਵਿੱਚ ਬੰਦ ਹੋ ਸਕਦਾ ਹੈ ਹੁਣ ਮਲੋਟ ਨਿਵਾਸੀਆਂ ਮਲੋਟ ਦੇ ਕੈਬਿਨੇਟ ਮੰਤਰੀ ਡਾਕਟਰ ਬਲਜੀਤ ਕੌਰ ਜੀ ਤੋਂ ਅਤੇ ਪੁਲਿਸ ਪ੍ਰਸ਼ਾਸਨ ਤੋਂ ਪੁਰਜੋਰ ਮੰਗ ਹੈ ਕਿ ਇਸ ਨਸ਼ੇ ਦੇ ਕਾਰੋਬਾਰੀਆਂ ਨੂੰ ਨੱਥ ਪਾਈ ਜਾਵੇ ਤਾਂ ਜੋ ਇਸ ਨਸ਼ੇ ਨੂੰ ਰੋਕਿਆ ਜਾ ਸਕੇ ਕਿਉਂਕਿ ਇਸ ਨਸ਼ੇ ਦੇ ਕਾਰਨ ਮਾਵਾਂ ਦੇ ਪੁੱਤ ਤਿੰਨ ਪ੍ਰਤੀ ਦਿਨ ਮਰ ਰਹੇ ਹਨ ਜਿਸ ਨੂੰ ਲੈ ਕੇ ਲੋਕ ਬਹੁਤ ਦੁਖੀ ਹਨ ਇਸ ਲਈ ਪੁਲਿਸ ਪ੍ਰਸ਼ਾਸਨ ਤੋਂ ਮੰਗ ਕਰਦੇ ਹਨ ਵੀ ਇਸ ਵੱਲ ਜਲਦ ਧਿਆਨ ਦਿੱਤਾ ਜਾਵੇ ਅਤੇ ਸਖਤਾਈ ਕੀਤੀ ਜਾਵੇ ਤਾਂ ਕਿ ਮਾਵਾਂ ਦੇ ਪੁੱਤ ਇਸ ਚਿੱਟੇ ਦੇ ਨਸ਼ੇ ਤੋਂ ਛੁਟਕਾਰਾ ਪਵਾਇਆ ਜਾ ਸਕੇ ਅਤੇ ਮਲੋਟ ਸ਼ਹਿਰ ਨੂੰ ਨਸ਼ਾ ਮੁਕਤ ਬਣਾਇਆ ਜਾਵੇ

# ਗਿੱਦੜਬਾਹਾ ਦੇ ਵਿੱਚ ਨਸ਼ੇ ਦਾ ਕਾਰੋਬਾਰ ਬੜੇ ਜੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ

**ਗਿੱਦੜਬਾਹਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਹਰ ਪਾਸੇ ਨਸ਼ੇ ਦਾ ਕਾਰੋਬਾਰ ਬੜੇ ਜੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਜਿਸ ਨੂੰ ਲੈ ਕੇ ਲੋਕ ਬਹੁਤ ਦੁਖੀ ਹਨ ਇੱਕ ਪਾਸੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮੁੱਖ ਮੰਤਰੀ ਭਗਵੰਤ ਮਾਨ ਨੇ ਅਤੇ ਅਰਵਿੰਦ ਕੇਜਰੀਵਾਲ ਵਾਲ ਨੇ ਪੰਜਾਬ ਦੇ ਅੰਦਰ ਸਰਕਾਰ ਬਣਾਉਣ ਤੋਂ ਪਹਿਲਾਂ ਇਹੇ ਵਾਅਦੇ ਕੀਤੇ ਸਨ ਕੀ ਅਸੀਂ ਪੰਜਾਬ ਦੇ ਵਿੱਚੋਂ ਨਸ਼ਾ ਖਤਮ ਕਰ ਦਿਆਂਗੇ ਪਰ ਹੁਣ ਪੰਜਾਬ ਦੇ ਅੰਦਰ ਨਸ਼ਾ ਅੱਗੇ ਨਾਲੋਂ ਦੁਗਣਾ ਮਿਲਣ ਲੱਗ ਗਿਆ ਹੈ ਚਿੱਟੇ ਦਾ ਕਾਰੋਬਾਰ ਇਨਾ ਜਿਆਦਾ ਹੋ ਗਿਆ ਕਿ ਛੋਟੇ ਛੋਟੇ 15 ਸਾਲ ਦੇ ਦੇ ਮੁੰਡੇ ਚਿੱਟੇ ਨਸ਼ੇ ਦੇ ਆਦਿ ਬਣ ਚੁੱਕੇ ਹਨ ਹੁਣ ਜੇ ਗੱਲ ਕਰੀਏ ਗਿੱਦੜਬਾਹਾ ਹਲਕੇ ਦੀ ਜਿੱਥੇ ਕਿ ਚਿੱਟੇ ਦਾ ਨਸ਼ਾ ਸ਼ਰੇਆਮ ਇੰਜ ਵਿਕ ਰਿਆ ਹੈ ਜਿਵੇਂ ਕਿ ਕਰਿਆਨੇ ਦੀ ਦੁਕਾਨ ਤੇ ਗੋਲੀਆਂ ਟੋਫੀਆਂ ਵਿਕ ਰਹੀਆਂ ਹੋਣ ਇਹ ਹਾਲਾਤ ਨਹੀਂ ਗਿੱਦੜਬਾਹਾ ਦੇ ਕਈ ਗਲੀ ਮੁਹੱਲਿਆਂ ਦੇ ਅਗਰ ਗੱਲ ਕਰੀਏ ਪਿੰਡ ਗਿੱਦੜਬਾਹਾ ਦੀ ਜਿੱਥੇ ਕਿ ਇਹ ਨਸ਼ੇ ਦਾ ਕਾਰੋਬਾਰ ਖਾਸ ਕਰ ਚਿੱਟਾ ਨਸ਼ਾ, ਮੈਡੀਕਲ ਗੋਲੀਆਂ ਕੈਪਸੂਲ, ਅਤੇ ਹੋਰ ਵੀ ਕਈ ਤਰ੍ਹਾਂ ਦੇ ਨਸ਼ੇ ਸ਼ਰੇਆਮ ਵਿਕ ਰਹੇ ਹਨ ਇਸ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਪੁਲਿਸ ਪ੍ਰਸ਼ਾਸਨ ਦਾ ਨਸ਼ਾ ਤਸਕਰਾਂ ਨਾਲ ਜਿਵੇਂ ਮਹੀਨਾ ਬੰਨਿਆ ਹੋਵੇ ਵੀ ਹਰ ਮਹੀਨੇ ਸਾਨੂੰ ਪੈਸੇ ਦੇ ਦਿਆ ਕਰੋ ਤੇ ਜਿਵੇਂ ਮਰਜ਼ੀ ਨਸ਼ਾ ਵੇਚੋ ਅਜਿਹੇ ਹਾਲਾਤ ਲੱਗਦੇ ਹਨ ਕਿਉਂਕਿ ਪੁਲਿਸ ਵਾਲੇ ਕਹਿੰਦੇ ਐ ਸਾਨੂੰ ਦੱਸੋ ਕਿੱਥੇ ਨਸ਼ਾ ਵਿਕਦਾ ਜਿਵੇਂ ਇਨ੍ਹਾਂ ਨੂੰ ਪਤਾ ਤੱਕ ਨਹੀਂ ਹੁੰਦਾ ਇਹ ਤਾਂ ਦੂਸਰੇ ਦੇ ਮੋਢੇ ਤੇਰਾ ਕੇ ਚਲਾਉਣਾ ਜਾਣਦੇ ਹਨ ਇਸ ਕਰਕੇ ਹੀ ਪੁੱਛਦੇ ਹਨ ਕਿ ਨਸ਼ਾ ਕਿੱਥੇ ਵੀ ਕਰਿਆ ਹੈ।

ਚਿੱਟੇ ਦਾ ਕਾਰੋਬਾਰ ਇਨਾ ਜਿਆਦਾ ਹੋ ਗਿਆ ਮਾਵਾਂ ਦੇ ਪੁੱਤ ਚਿੱਟੇ ਦੇ ਨਸ਼ੇ ਨੇ ਖਤਮ ਕਰ ਦਿੱਤੇ ਕਈ ਲੋਕ ਗੋਲੀਆਂ ਨਸ਼ੇ ਦੀਆਂ ਕੈਪਸੂਲ ਘਰਾਂ ਦੇ ਵਿੱਚ ਵੇਚਦੇ ਹਨ ਕਿ ਪੁਲਿਸ ਨੂੰ ਪਤਾ ਨਹੀਂ ਅਜਿਹੇ ਕੰਮ ਹੋਣ ਤੇ ਪੁਲਿਸ ਅੱਖਾਂ ਤੇ ਪੱਟੀ ਬੰਨੀ ਬੈਠੀ ਤਮਾਸ਼ਾ ਵੇਖ ਰਹੀ ਹੋਵੇ ਇਸ ਤੋਂ ਸਭ ਪਤਾ ਲੱਗ ਰਿਹਾ ਹੈ ਵੀ ਜੋ ਹਾਲਾਤ ਗਿੱਦੜਬਾਹਾ ਦੇ ਹਨ ਅਜਿਹੇ ਹਾਲਾਤ ਪਹਿਲਾਂ ਕਿਤੇ ਨਹੀਂ ਵੇਖੇ ਜਿਹੜੇ ਹੁਣ ਵੇਖਣੇ ਪੈ ਰਹੇ ਹਨ ਜੋ ਮੁੰਡੇ ਚਿੱਟੇ ਦੇ ਆਦਿ ਹੋ ਚੁੱਕੇ ਹਨ ਟੀਕੇ ਲਗਾਉਂਦੇ ਹਨ ਅਗਰ ਗੱਲ ਕਰੀਏ ਪਿੰਡ ਪਿਉਰੀ ਰੋਡ ਵਾਲੇ ਰੇਲਵੇ ਫਾਟਕ ਦੇ ਗੁਰਦੁਆਰਾ ਸਾਹਿਬ ਦੇ ਕੋਲ ਬਣੇ ਪਾਰਕ ਜਿੱਥੇ ਕਿ ਗੰਦਾ ਪਾਣੀ ਖੜ੍ਹਾ ਹੁੰਦਾ ਸੀ ਉਸ ਪਾਰਕ ਦੇ ਵਿੱਚ ਨਸ਼ੇ ਦੇ ਟੀਕੇ ਦੀਆਂ ਸਰਿੰਜਾਂ ਪਈਆਂ ਕਈ ਵਾਰੀ ਦੇਖੀਆਂ ਗਈਆਂ ਹਨ ਕਿਉਂਕਿ ਉੱਥੇ ਝਾੜੀਆਂ ਜਿਹੀਆਂ ਹਨ ਉੱਥੇ ਲੁਕ ਕੇ ਬੈਠ ਕੇ ਛੋਟੀ ਉਮਰ ਦੇ ਨੌਜਵਾਨ ਮੁੰਡੇ ਜੋ ਚਿੱਟੇ ਨਸ਼ੇ ਦੇ ਆਦਿ ਹਨ ਉੱਥੇ ਬੈਠ ਕੇ ਇਹ ਕੰਮ ਕਰਦੇ ਹਨ ਇਸ ਲਈ ਹੁਣ ਗਿੱਦੜਬਾਹਾ ਪਿੰਡ ਦੇ ਨਿਵਾਸੀਆਂ ਵੱਲੋਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਹੈ ਕਿ ਇਸ ਵੱਲ ਜਲਦ ਧਿਆਨ ਦਿੱਤਾ ਜਾਵੇ ਤਾਂ ਕਿ ਨੌਜਵਾਨੀ ਨੂੰ ਬਚਾਇਆ ਜਾ ਸਕੇ ਅਤੇ ਜੋ ਚਿੱਟੇ ਦਾ ਨਸ਼ਾ ਵੇਚਦੇ ਹਨ ਉਨ੍ਹਾਂ ਕਾਰੋਬਾਰੀਆਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ

# ਜਰਖੜ ਖੇਡਾਂ ਦੇ ਦੂਜੇ ਦਿਨ ਵੱਖ ਵੱਖ ਖੇਡਾਂ ਦੇ ਹੋਏ ਰੋਮਾਂਚਕ ਮੁਕਾਬਲ

**ਲੁਧਿਆਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਰੂਆਇਲ ਐਨਫੀਲਡ, ਕੋਕਾ ਕੋਲਾ, ਏਵਨ ਸਾਈਕਲ ਜਰਖੜ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਦੇ ਦੂਸਰੇ ਦਿਨ ਜਿੱਥੇ ਹਾਕੀ ਫੁਟਬਾਲ ਕਬੱਡੀ ਵਾਲੀਬਾਲ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਰਹੇ ਉੱਥੇ ਵੱਖ ਵੱਖ ਕਾਰਪੋਰੇਟ ਹਾਊਸ ਵੱਲੋਂ ਲੱਗੀਆਂ ਪ੍ਰਦਰਸ਼ਨੀਆਂ ਦਾ ਵੀ ਲੋਕਾਂ ਨੇ ਭਰਪੂਰ ਆਨੰਦ ਮਾਣਿਆ।

ਦੂਸਰੇ ਦਿਨ ਸਰਦਾਰ ਤਰਨਪ੍ਰੀਤ ਸਿੰਘ ਸੌਂਧ ਕੈਬਨਿਟ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਟੂਰਨਾਮੈਂਟ ਵਿੱਚ ਸ਼ਿਰਕਤ ਕਰਦਿਆਂ ਜਰਖੜ ਸਟੇਡੀਅਮ ਨੂੰ ਪੰਜਾਬ ਦੀ ਖੇਡ ਵਿਰਾਸਤ ਐਲਾਨ ਕਰਦਿਆਂ ਜਰਖੜ ਟਰੱਸਟ ਵਾਸਤੇ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਉਹਨਾਂ ਨੇ ਜਰਖੜ ਖੇਡ ਸਟੇਡੀਅਮ ਵਿਖੇ ਫੁੱਲ ਐਸਟਰੋਟਰਫ਼ ਲਾਉਣ ਦਾ ਵੀ ਪੂਰਨ ਭਰੋਸਾ ਦਿੱਤਾ ਅਤੇ ਖੇਡ ਵਿਭਾਗ ਦੇ ਡਾਇਰੈਕਟਰ ਨੂੰ ਫੋਨ ਉੱਤੇ ਹੀ ਕੇਸ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਹਦਾਇਤ ਦਿੱਤੀ। ਇਸ ਤੋਂ ਇਲਾਵਾ ਤਰਸੇਮ ਸਿੰਘ ਭਿੰਡਰ ਚੇਅਰਮੈਨ ਨਗਰ ਸੁਧਾਰ ਟਰਸਟ , ਸੱਜਣ ਸਿੰਘ ਚੀਮਾ ਅਰਜਨਾ ਐਵਾਰਡੀ ਇੰਚਾਰਜ ਸੁਲਤਾਨਪੁਰ ਲੋਧੀ, ਅਹਿਬਾਬ ਸਿੰਘ ਗਰੇਵਾਲ ਮੁੱਖ ਸਪੋਕਸਮੈਨ ਆਪ, ਸ੍ਰੀ ਅਸ਼ੋਕ ਬਾਵਾ ਮੈਨੇਜਰ ਵਿਸ਼ਾਲ ਸਾਈਕਲ, ਮਨਜੀਤ ਸਿੰਘ ਕਨੇਡਾ, ਸਤਵਿੰਦਰ ਸਿੰਘ ਸਰਾਂ ਅਮਰੀਕਾ, ਦੇਵ ਸਿੰਘ ਐਸ ਪੀ ਪੰਜਾਬ ਪੁਲਿਸ, ਹਰਜਿੰਦਰ ਸਿੰਘ ਗਿੱਲ ਡੀਐਸਪੀ ਥਾਣਾ ਸਦਰ, ਅਮਰਿੰਦਰ ਸਿੰਘ ਰਿੱਕੂ , ਮਨਜੀਤ ਸਿੰਘ ਬਚਨ ਗੈਸ ਨੇ ਵੀ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ ਜਦਕਿ ਕਬੱਡੀ ਮੈਚਾਂ ਦੀ ਸ਼ੁਰੂਆਤ ਰੋਇਲ ਐਨਫੀਲਡ ਮੋਟਰਸਾਈਕਲ ਦੇ ਮਾਰਕੀਟਿੰਗ ਮੈਨੇਜਰ ਸ੍ਰੀ ਮਨੀਸ਼ ਸੁਹੇਲ ਅਤੇ ਮੋਹਿਤ ਸਿੰਘ ਏਰੀਆ ਮੈਨੇਜਰ, ਦਿਲਜੀਤ ਨਾਰੰਗ ਦਿੱਲੀ ਨੇ ਕ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਅੱਜ ਕਬੱਡੀ ਓਪਨ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਦੇ ਮੁੱਢਲੇ ਗੇੜ ਦੇ ਮੈਚਾਂ ਵਿੱਚ ਜੋਧਾਂ ਨੇ ਬਟਹਾਰੀ ਨੂੰ ,ਕੰਗਣਵਾਲ ਨੇ ਨਿਜਾਮਪਰ ਨੂੰ ,ਕੈਂਡ ਨੇ ਜਸਪਾਲ ਬਾਂਗਰ ਨੂੰ, ਕਡਿਆਣਾ ਨੇ ਜਰਖੜ ਨੂੰ ,ਜੱਬੋ ਮਾਜਰਾ ਨੇ ਘਲੋਟੀ ਨੂੰ, ਪੜੈਣ ਨੇ ਰਾਮਗੜ੍ਹ ਭੁੱਲਰਾਂ ਨੂੰ ਜਰਗੜੀ ਨੇ ਝੋਰੜਾਂ ਨੂੰ, ਨੰਦਪੁਰ ਨੇ ਹਠੂਰ ਨੂੰ ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ ਜਦਕਿ ਫੁਟਬਾਲ ਵਿੱਚ ਬੁਟਹਾਰੀ ਨੇ ਗਿੱਲ ਨੂੰ, ਕਡਿਆਣਾ ਨੇ ਬੁਰਜ ਹਕੀਮਾਂ ਨੂੰ, ਗਗੜਾ ਨੇ ਡਾਂਗੋ ਨੂੰ, ਸੀਲੋਂ ਨੇ ਮੰਡਿਆਲਾ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਪਾਇਆ। ਹਾਕੀ ਸੀਨੀਅਰ ਵਰਗ ਵਿੱਚ ਘਵੱਦੀ ਕਲੱਬ ਨੇ ਪੀਆਈਐਸ ਲੁਧਿਆਣਾ ਨੂੰ 8-4 ਨਾਲ, ਜਲੰਧਰ ਨੇ ਕਿਲਾ ਰਾਏਪੁਰ ਨੂੰ 5-4 ਨਾਲ, ਹਰਾਇਆ। ਜਦਕਿ ਲੜਕੀਆਂ ਵਿੱਚ ਅਮਰਗੜ੍ਹ ਨੇ ਮੁੰਡੀਆ ਕਲਾ ਨੂੰ 2-0 ਪੀਆਈਐਸ ਬਠਿੰਡਾ ਨੇ ਲਵਲੀ ਯੂਨੀਵਰਸਿਟੀ ਨੂੰ 7-3 ਨਾਲ, ਅੰਮ੍ਰਿਤਸਰ ਨੇ ਰਾਜਪੁਰਾ ਨੂੰ 8-4 ਨਾਲ, ਪੰਜਾਬੀ ਯੂਨੀਵਰਸਿਟੀ ਪਟਿਆਲੇ ਨੇ ਲੁਧਿਆਣਾ ਨੂੰ 8-0 ਹਰਾਇਆ ।

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਕਿ ਭਲਕੇ 9 ਫ਼ਰਵਰੀ ਨੂੰ ਆਖਰੀ ਦਿਨ ਫਾਈਨਲ ਸਮਾਰੋਹ ਤੇ ਕਬੱਡੀ ਓਪਨ ,ਲੜਕੀਆਂ ਦੇ ਫੁਟਬਾਲ ਮੁਕਾਬਲੇ ਹਾਕੀ ਦੇ ਵੱਖ ਵੱਖ ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ ਮੁੱਖ ਕਿਸ ਦਾ ਕੇਂਦਰ ਹੋਣਗੇ । ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਗੁਰਮੀਤ ਸਿੰਘ ਖੁਡੀਆਂ ਕੈਬਨਿਟ ਮੰਤਰੀ ਪੰਜਾਬ, ਅਮਨ ਅਰੋੜਾ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਤੇ ਕੈਬਨਿਟ ਮੰਤਰੀ ਕਰਨਗੇ। ਫਾਈਨਲ ਸਮਾਰੋਹ ਦੀ ਪ੍ਰਧਾਨਗੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਵਿਧਾਇਕ ਜੀਵਨ ਸਿੰਘ ਸੰਗੋਵਾਲ ਹਲਕਾ ਗਿੱਲ ਕਰਨਗੇ।

# ਨਸ਼ਿਆ ਖਿਲ਼ਾਫ ਅਤੇ ਐੱਚ.ਆਈ ਵੀ ਏਡਜ ਪ੍ਰਤੀ ਜਾਗਰੂਕ ਕਰਨ ਲਈ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ



**ਮਾਛੀਵਾੜਾ ਸਾਹਿਬ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰੀ ਕਾਲਜ ਮਾਛੀਵਾੜਾ ਵਚਨਬੱਧ ਹੈ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਜਾਗਰੂਕ ਕਰਨ ਲਈ, ਇਸੇ ਲੜੀ ਤਹਿਤ ਪ੍ਰਿੰਸੀਪਲ ਪ੍ਰੋ: ਦੀਪਕ ਚੋਪੜਾ ਜੀ ਦੀ ਅਗਵਾਈ ਤੇ ਰੈੱਡ ਰਿਬਨ ਕਲੱਬ ਦੇ ਕਨਵੀਨਰ ਡਾ. ਕਮਲਜੀਤ ਕੌਰ ਬਾਂਗਾ ਦੇ ਦਿਸ਼ਾ ਨਿਰਦੇਸ਼ ਵਿੱਚ ਨਸ਼ਿਆਂ ਖਿਲ਼ਾਫ ਐੱਚ ਆਈ ਵੀ,ਏਡਜ ਪ੍ਰਤੀ ਜਾਗਰੂਕ ਕਰਨ ਲਈ, ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ, ਵਿਦਿਆਰਥੀਆਂ ਨੇ ਸਮਾਜ ਨੂੰ ਨਸ਼ਾ ਰਹਿਤ ਕਰਨ ਲਈ ਆਪਣੀ ਜਿੰਮੇਵਾਰੀ ਨਿਭਾਉਣ ਦੀ ਸੌਂਹ ਚੁੱਕੀ ਤੇ ਨਸ਼ਿਆਂ ਦੇ ਦੁਸ਼ਪ੍ਰਭਾਵਾਂ ਤੇ ਐੱਚ ਆਈ ਵੀ ਏਡਜ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰੂਗੜ ਪਿੰਡ ਵਿਖੇ ਰੈਲੀ ਕੀਤੀ । ਸਰਕਾਰੀ ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋ ਨਸ਼ਿਆ ਦੇ ਦੁਸ਼ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨਾਲ ਸੰਵਾਦ ਰਚਾਇਆ ਤੇ ਐੱਚ ਆਈ ਵੀ ਏਡਜ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਏ ਏਡਜ਼ ਨਾਲ ਜੁੜੀਆਂ ਮਿੱਥਾ ਬਾਰੇ ਦੱਸਦੇ ਹੋਏ ਸਮਾਂ ਰਹਿੰਦੇ ਇਸ ਬਿਮਾਰੀ ਦੇ ਇਲਾਜ ਢੰਗ ਬਾਰੇ ਦੱਸਿਆ।

ਡਾ. ਕਮਲਜੀਤ ਕੌਰ ਬਾਂਗਾ ਨੇ ਵਿਦਿਆਰਥੀਆਂ ਤੋ ਪ੍ਰਣ ਲਿਆ ਕਿ ਉਹ ਸਮਾਜ ਤੇ ਦੇਸ਼ ਪ੍ਰਤੀ ਜਿੰਮੇਵਾਰ ਨਾਗਰਿਕ ਦੀ ਭੂਮਿਕਾ ਨਿਭਾਉਣਗੇ ਤੇ ਇਨ੍ਹਾਂ ਕੁਰੀਤੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਗੇ

# ਨਟਰੰਗ ਅਬੋਹਰ ਨੇ ਸਰਵਭਾਰਤੀ ਨਾਟਕ ਮੁਕਾਬਲੇ ਵਿੱਚ ਜਿਤੇ 12 ਇਨਾਮ



**ਅਬੋਹਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਮਹਾਸ਼ਕਤੀ ਕਲਾ ਮੰਦਿਰ ਬਰਨਾਲਾ ਵੱਲੋਂ ਆਯੋਜਿਤ 47 ਵੇਂ ਸਰਵਭਾਰਤੀ ਨਾਟਕ ਤੇ ਨਾਚ ਮੁਕਾਬਲੇ ਵਿੱਚ 12 ਇਨਾਮ ਜਿੱਤ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ। ਇਸ ਨਾਟਕ ਮੁਕਾਬਲੇ ਵਿੱਚ ਯਮੁਨਾ ਨਗਰ, ਸਹਾਰਨਪੁਰਾ, ਝਾਸੀ ਅਤੇ ਹੋਰ ਰਾਜਾਂ ਦੀਆਂ 15 ਟੀਮਾਂ ਨੇ ਭਾਗ ਲਿਆ। ਸ਼੍ਰੀ ਭੁਪਿੰਦਰ ਓਤਰੇਜਾ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਨਟਰੰਗ ਅਬੋਹਰ ਵੱਲੋਂ ਸ਼੍ਰੀ ਕਸ਼ਮੀਰ ਲੂਨਾ ਵੱਲੋਂ ਲਿਖਿਆ ਅਤੇ ਸ਼੍ਰੀ ਹਨੀ ਓਤਰੇਜਾ ਵੱਲੋਂ ਨਿਰਦੇਸ਼ਿਤ ਨਾਟਕ ‘ਜਨਕ’ ਪੇਸ਼ ਕੀਤਾ ਗਿਆ। ‘ਜਨਕ’ ਦੀ ਕਹਾਣੀ ਦਿਵਿਆਂਗ ਬੱਚਿਆਂ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ। ਇਸ ਨਾਟਕ ਨੂੰ ਨਾਟ ਮੇਲੇ ਦਾ ਦੂਸਰਾ ਸਰਵਸ਼੍ਰੇਸ਼ਠ ਨਾਟਕ ਘੋਸ਼ਿਤ ਕੀਤਾ ਗਿਆ। ਇਸ ਨਾਟਕ ਦੇ ਲੇਖਕ ਸ਼੍ਰੀ ਕਸ਼ਮੀਰ ਲੂਨਾ ਸਰਵਸ਼੍ਰੇਸ਼ਠ ਲੇਖਕ ਅਤੇ ਨਾਟਕ ਦੇ ਨਿਰਦੇਸ਼ਕ ਸ਼੍ਰੀ ਹਨੀ ਓਤਰੇਜਾ ਨੂੰ ਸਰਵਸ਼੍ਰੇਸ਼ਠ ਨਿਰਦੇਸ਼ਕ ਘੋਸ਼ਿਤ ਕੀਤਾ।

‘ਜਨਕ’ ਨਾਟਕ ਦੀ ਕਲਾਕਾਰਾਂ ਮਿਸ ਤਾਨੀਆ ਮਨਚੰਦਾ ਨੂੰ ਸਰਵਸ਼੍ਰੇਸ਼ਠ ਮਹਿਲਾ ਕਲਾਕਾਰ ਅਤੇ ਸ਼੍ਰੀ ਵੈਭਵ ਅਗਰਵਾਲ ਨੂੰ ਤੀਸਰਾ ਸਰਵਸ਼੍ਰੇਸ਼ਠ ਕਲਾਕਾਰ ਘੋਸ਼ਿਤ ਕੀਤਾ ਗਿਆ। ਨਾਟਕ ਦੀ ਬੈਸਟ ਕਲਾਕਾਰ ਗੁਲਜਿੰਦਰ ਕੌਰ ਚੁਣੀ ਗਈ। ਨਾਟਕ ਦੇ ਬਾਕੀ ਕਲਾਕਾਰ ਸਨ:- ਸ਼੍ਰੀ ਅਸੀਸ ਸਿਡਾਨਾ,ਸ਼੍ਰੀ ਯੁਧਵੀਰ ਮੌਂਗਾ,ਸ਼੍ਰੀ ਪੁਸ਼ਕਿਨ ਕਾਲੜਾ, ਸ਼੍ਰੀ ਪਵਨ ਅਤੇ ਸ਼੍ਰੀ ਰਸ਼ਕਿਨ ਕਾਲੜਾ ਸਨ। ਨਾਟਕ ਦਾ ਸੰਗੀਤ ਤੇ ਪਿਠਵਰਤੀ ਗਾਇਨ ਨਟਰੰਗ ਦੇ ਸੰਗੀਤ ਨਿਰਦੇਸ਼ਨ ਸ਼੍ਰੀ ਕੁਲਜੀਤ ਭੱਟੀ ਵੱਲੋਂ ਦਿੱਤਾ ਗਿਆ। ਰੋਸ਼ਨੀ ਨਿਰਦੇਸ਼ਨ ਸ਼੍ਰੀ ਸੰਜੀਵ ਗਿਲਹੋਤਰਾ ਅਤੇ ਸ਼੍ਰੀ ਪਵਨ ਕੁਮਾਰ ਵੱਲੋਂ ਤੇ ਸੈਟ ਡਿਜ਼ਾਇਨ ਵੈਭਵ ਅਗਰਵਾਲ, ਅੰਮ੍ਰਿਤ ਪਾਲ ਤੇ ਕਸ਼ਮੀਰ ਲੂਨਾ ਵੱਲੋਂ ਸੀ।

ਨਟਰੰਗ ਅਬੋਹਰ ਵੱਲੋਂ ਨੁੱਕੜ ਨਾਟਕ ਟੈਂਕ-2025 0ਰੰਗਮੰਚ.✵✿✡ ਜਿਸ ਦਾ ਲੇਖਨ ਅਤੇ ਨਿਰਦੇਸ਼ਨ ਸ਼੍ਰੀ ਵੈਭਵ ਅਗਰਵਾਲ ਦੁਆਰਾ ਕੀਤਾ ਗਿਆ। ਇਹ ਨੁੱਕੜ ਤਕਨੀਕੀ ਫਾਇਦਿਆਂ ਤੇ ਨੁਕਸਾਨ ਤੇ ਅਧਾਰਿਤ ਸੀ। ਇਸ ਪ੍ਰਤਿਯੋਗਤਾ ਦੇ ਕਲਾਕਾਰ ਵੈਭਵ ਅਗਰਵਾਲ ਨੂੰ ਤੀਸਰਾ ਸਰਵਸ਼੍ਰੇਸ਼ਠ ਕਲਾਕਾਰ ਅਤੇ ਯੁਧਵੀਰ ਮੌਂਗਾ ਨੂੰ ਓਵਰਆਲ ਬੈਸਟ ਚਾਈਲਡ ਆਰਟਿਸਟ ਘੋਸ਼ਿਤ ਕੀਤਾ। ਪੁਸਕਿਨ ਕਾਲੜਾ ਨੂੰ ਟੀਮ ਦਾ ਵਧੀਆ ਕਲਾਕਾਰ ਘੋਸ਼ਿਤ ਕੀਤਾ। ਬਾਕੀ ਕਲਾਕਾਰ ਸਨ:- ਅੰਮ੍ਰਿਤ ਪਾਲ, ਰਸਕਿਨ ਕਾਲੜਾ, ਪਵਨ, ਤਾਨੀਆ ਤੇ ਹਨੀ ਸਨ। ਇਸ ਤੋਂ ਇਲਾਵਾ ਇੱਕ ਹੋਰ ਨੁੱਕੜ ਨਾਟਕ ’ਚ ਗੁਰਮੀਤ ਸਿੰਘ ਬੈਸਟ ਕਲਾਕਾਰ ਘੋਸ਼ਿਤ ਕੀਤਾ ਗਿਆ ਅਤੇ ਬਾਕੀ ਕਲਾਕਾਰ ਕਸ਼ਮੀਰ ਲੂਨਾ, ਭਗਵੰਤ ਸਿੰਘ, ਗੁਰਪ੍ਰੀਤ ਸਿੰਘ, ਮੀਤੂ ਮੌਜਗੜ੍ਹ, ਸੁਖਦੇਵ ਭੁੱਲਰ ਸਨ। ਨਟਰੰਗ ਅਬੋਹਰ ਦੇ ਕਲਾਕਾਰ ਵੱਲੋਂ ਡਿਊਟ ਡਾਂਸ ਮੁਕਾਬਲੇ ’ਚ ਭਗਵੰਤ ਸਿੰਘ ਤੇ ਗੁਰਮੀਤ ਸਿੰਘ ਵੱਲੋਂ ਨਾਚ ਪ੍ਰਤਿਯੋਗਤਾ ਦਾ ਸਰਵਸ਼੍ਰੇਸ਼ਠ ਤੀਸਰਾ ਇਨਾਮ ਪ੍ਰਾਪਤ ਕੀਤਾ। ਇਸ ਤਰ੍ਹਾ ਵੱਖ-ਵੱਖ ਮੁਕਾਬਲਿਆ ਵਿੱਚ 12 ਇਨਾਮ ਜਿੱਤ ਕੇ ਰੰਗਮੰਚ ਪ੍ਰਤੀ ਆਪਣੀ ਪ੍ਰਤਿਬੱਧਤਾ ਵਿਖਾਈ ਹੈ । ਨਟਰੰਗ ਅਬੋਹਰ ਨਿਰਦੇਸ਼ਕ ਸ਼੍ਰੀ ਵਿਕਾਸ ਬੱਤਰਾ ਨੂੰ ਰੰਗਮੰਚ ਤੇ ਫਿਲਮਾਂ ਲਈ ਕੀਤੇ ਕਾਰਜਾਂ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਨਾਟਕ ਮੁਕਾਬਲੇ ਵਿੱਚ ਨਟਰੰਗ 21 ਸਾਲਾਂ ਤੋਂ ਆਪਣੀਆਂ ਪ੍ਰਾਪਤੀਆਂ ਹਾਸਿਲ ਕਰਦਾ ਆ ਰਿਹਾ ਹੈ। ਨਟਰੰਗ ਦੀਆਂ ਇਨ੍ਹਾਂ ਪ੍ਰਾਪਤੀਆਂ ਨਟਰੰਗ ਦੇ ਕਲਾਕਾਰ ਸੰਦੀਪ ਸ਼ਰਮਾ ਗੋਰਾ, ਗੁਰਜੰਟ ਬਰਾੜ, ਰਾਜੂ ਠਠਈ, ਸੰਜੇ ਚਾਨਣਾ, ਪੁਨੀਤ ਵਾਟਸ, ਸੁਨੀਲ ਵਰਮਾ, ਪੂਜਾ ਦੂਮੜਾ, ਰੂਬੀ ਸ਼ਰਮਾ, ਵਿਸ਼ਨੂੰ ਨਰਾਇਣ, ਬਿੱਟੂ ਖਰਬਾਟ, ਗੁਰਵਿੰਦਰ ਸਿੰਘ ਨਟਰੰਗ, ਸਤਵੰਤ ਕਾਹਲੋ ਨੇ ਆਪਣੇ ਸਾਥੀ ਕਲਾਕਾਰਾਂ ਨੂੰ ਮੁਬਾਰਕਬਾਦ ਦਿੱਤੀ ਹੈ। ਇਸ ਦੇ ਨਾਲ ਹੀ ਸ਼ਹਿਰ ਦੇ ਰੰਗਕਰਮੀਆਂ ਵਿਮਲ ਮਿੱਢਾ, ਆਸ਼ੂ ਗਗਨੇਜਾ, ਮੰਗਤ ਵਰਮਾ, ਦੀਪਕ ਕੰਬੋਜ, ਅਤੁਲ ਖੁੰਗਰ ਨੇ ਵੀ ਵਧਾਈ ਦਿੱਤੀ ਹੈ।

# ਡੱਬਵਾਲਾ ਕਲਾਂ ਅਧੀਨ ਬਣੇ ਸੈਂਟਰ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਜਾਂਚ ਜਾਰੀ

**ਫਾਜ਼ਿਲਕਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੱਬਵਾਲਾ ਕਲਾਂ ਅਧੀਨ ਸਿਹਤ ਕੇਂਦਰਾਂ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਡੱਬਵਾਲਾ ਕਲਾਂ ਅਧੀਨ ਕੇਂਦਰਾਂ ਵਿਖੇ ਮਹਿਲਾਵਾਂ ਦੀ ਜਾਂਚ ਕੀਤੀ ਗਈ. ਡਾਕਟਰ ਅੰਸ਼ੁਲ ਨਾਗਪਾਲ ਨੇ ਹਾਈ ਰਿਸਕ ਗਰਭਵਤੀ ਮਹਿਲਾਵਾਂ ਨੂੰ ਸੰਤੁਲਿਤ ਖੁਰਾਕ ਬਾਰੇ ਜਾਣਕਾਰੀ ਦਿੱਤੀ. ਇਸ ਦੌਰਾਨ ਮਾਸ ਮੀਡੀਆ ਇੰਚਾਰਜ ਦਿਵੇਸ਼ ਕੁਮਾਰ ਨੇ ਦੱਸਿਆ ਕਿ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਗਰਭਵਤੀ ਔਰਤਾਂ ਖਾਸ ਕਰਕੇ ਖਤਰੇ ਦੇ ਚਿਨ੍ਹਾਂ ਵਾਲੀਆਂ ਗਰਭਵਤੀ ਔਰਤਾਂ ਦਾ ਸਾਰੇ ਸਰਕਾਰੀ ਹਸਪਤਾਲਾਂ ਅਤੇ ਸੀ.ਐਚ.ਸੀ. ਵਿੱਚ ਸਪੈਸ਼ਲ ਕੈਂਪ ਲਗਾ ਕੇ ਚੈਕ ਅੱਪ, ਟੈਸਟ ਅਤੇ ਇਲਾਜ ਕੀਤਾ ਜਾਂਦਾ ਹੈ।ਡਾਕਟਰ ਪੰਕਜ ਚੌਹਾਨ ਕਾਰਜਕਾਰੀ ਐੱਸ ਐਮ ਓ ਨੇ ਦੱਸਿਆ ਕਿ ਇਸ ਦਿਨ ਦਾ ਮਕਸਦ ਮਾਂ ਅਤੇ ਬੱਚੇ ਦੀ ਮੌਤ ਦਰ ਤੇ ਕਾਬੂ ਪਾਉਣਾ ਹੈ। ਗਰਭਵਤੀਆਂ ਖਾਸ ਕਰਕੇ ਖਤਰੇ ਦੇ ਚਿੰਨ੍ਹਾਂ ਵਾਲੀਆਂ ਗਰਭਵਤੀਆਂ ਔਰਤਾਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਇਨ੍ਹਾਂ ਕੈਂਪਾਂ ਵਿੱਚ ਇਲਾਜ ਲਈ ਲਿਆ ਕੇ ਉਹਨਾਂ ਦਾ ਜਣੇਪਾ ਸਮੇਂ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਟਾਲਿਆ ਜਾ ਸਕਦਾ ਹੈ। ਜਿਸ ਨਾਲ ਜਣੇਪੇ ਸਮੇਂ ਹੋਣ ਵਾਲੀਆਂ ਮੌਤਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਸਮੇਂ ਉਹਨਾਂ ਇਕੱਤਰ ਗਰਭਵਤੀ ਔਰਤਾਂ ਨੂੰ ਸੰਤੁਲਿਤ ਭੋਜਨ ਖਾਣ ਲਈ ਪ੍ਰੇਰਿਤ ਕੀਤਾ ਅਤੇ ਪ੍ਰੋਟੀਨ ਯੁਕਤ ਵਸਤਾਂ ਦੇ ਪੈਕਟ ਵੰਡੇ। ਉਹਨਾਂ ਗਰਭਵਤੀ ਔਰਤਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਵੱਲੋਂ ਲਗਾਏ ਜਾਂਦੇ ਇਨ੍ਹਾਂ ਕੈਂਪਾਂ ਵਿੱਚ ਗਰਭਵਤੀ ਔਰਤਾਂ ਨੂੰ ਲੈ ਕੇ ਆਉਣ। ਉਹਨਾਂ ਕਿਹਾ ਕਿ ਹਰ ਗਰਭਵਤੀ ਔਰਤ ਨੂੰ ਸਮੇਂ ਸਿਰ ਰਜਿਸਟ੍ਰੇਸ਼ਨ, ਗਰਭ ਦੌਰਾਨ ਘੱਟੋਂ ਘੱਟ 4 ਵਾਰ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।ਉਹਨਾਂ ਕਿਹਾ ਕਿ ਆਪਣੀ ਅਤੇ ਬੱਚੇ ਦੀ ਤੰਦਰੁਸਤੀ ਲਈ ਦੁੱਧ ਪਿਲਾਉਂਦੀਆਂ ਮਾਵਾਂ ਨੂੰ ਸੰਤੁਲਿਤ ਖੁਰਾਕ ਖਾਣੀ ਚਾਹੀਦੀ ਹੈ ।

# ਡਿਪਟੀ ਕਮਿਸ਼ਨਰ ਨੇ ਮਗਨਰੇਗਾ ਅਧੀਨ ਚੱਲ ਰਹੇ ਵਿਕਾਸ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸਬੰਧਿਤ ਅਧਿਕਾਰੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ




**ਤਰਨ ਤਾਰਨ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਆਈ. ਏ. ਐਸ. ਵੱਲੋਂ ਅੱਜ ਜ਼ਿਲਾ ਪ ?ਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਮਗਨਰੇਗਾ ਅਧੀਨ ਚੱਲ ਰਹੇ ਵਿਕਾਸ ਕੰਮਾਂ ਦੀ ਪ ?ਗਤੀ ਦਾ ਜਾਇਜ਼ਾ ਲੈਣ ਲਈ ਸਬੰਧਿਤ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਜ਼ਿਲਾ ਨੋਡਲ ਅਫ਼ਸਰ ਦਲਜੀਤ ਸਿੰਘ ਵਲੋਂ ਜਾਣਕਾਰੀ ਦਿੰਦੇ ਦੱਸਿਆ ਗਿਆ ਕਿ ਮਗਨਰੇਗਾ ਸਕੀਮ ਤਹਿਤ ਹੁਣ ਤੱਕ 16,05,014 ਦਿਹਾੜੀਆਂ ਪੈਦਾ ਕਰਕੇ 99.51% ਟੀਚੇ ਪ੍ਰਾਪਤ ਕੀਤੇ ਗਏ ਹਨ ਅਤੇ ਹੁਣ ਤੱਕ 62.45 ਕਰੋੜ ਖਰਚ ਕਰਕੇ 89.98% ਟੀਚੇ ਹਾਸਲ ਕਰ ਲਏ ਗਏ ਹਨ। ਇਹਨਾਂ ਟੀਚਿਆਂ ਵਿੱਚ ਬਲਾਕ ਭਿੱਖੀਵਿੰਡ, ਗੰਡੀਵਿੰਡ, ਤਰਨ ਤਾਰਨ ਅਤੇ ਵਲਟੋਹਾ ਦੀ ਪ੍ਰਗਤੀ ਦੀ ਸ਼ਲਾਘਾ ਕੀਤੀ ਗਈ ਅਤੇ ਇਸ ਪ੍ਰਗਤੀ ਵਿੱਚ ਬਲਾਕ ਨੌਸ਼ਹਿਰਾ ਪੰਨੂਆਂ ਚੋਹਲਾ ਸਾਹਿਬ ਅਤੇ ਖਡੂਰ ਸਾਹਿਬ ਦੀ ਪ੍ਰਗਤੀ 68% ਤੋਂ ਘੱਟ ਪਾਈ ਗਈ ਜਿਸ ’ਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਵਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਸਬੰਧਤ ਬੀ. ਡੀ. ਪੀ. ਓ. ਨੂੰ ਹਦਾਇਤ ਕੀਤੀ ਗਈ ਕਿ ਆਪਣਾ ਵਿਸ਼ੇਸ਼ ਧਿਆਨ ਦਿੰਦੇ ਹੋਏ ਪ੍ਰਗਤੀ ਵਿੱਚ ਵਾਧਾ ਕੀਤਾ ਜਾਵੇ।

ਇਸ ਤੋਂ ਇਲਾਵਾ ਜਿਲ੍ਹਾ ਤਰਨ ਤਾਰਨ ਵਿਚ 268 ਤਿਆਰ ਕੀਤੀਆਂ ਜਾਣ ਵਾਲੀਆਂ ਪਲੇਅ ਗਰਾਂਊਡ ਦੀ ਪ੍ਰਗਤੀ ਵਾਚੀ ਗਈ, ਜਿਸ ਵਿਚ ਸਮੂਹ ਬੀ. ਡੀ. ਪੀ. ਓਜ ਨੂੰ 33 ਪਲੇਅ ਗਰਾਂਊਡ ਪ੍ਰਗਤੀ ਬਲਾਕ ਬਣਾਉਣ ਦੇ ਟੀਚੇ ਦਿੱਤੇ ਗਏ।

ਡਿਪਟੀ ਕਮਿਸ਼ਨਰ ਤਰਨ ਤਾਰਨ ਵਲੋਂ ਆਦੇਸ਼ ਜਾਰੀ ਕੀਤੇ ਗਏ ਕਿ ਦਿੱਤੇ ਟੀਚਿਆਂ ਨੂੰ 31 ਮਾਰਚ, 2025 ਤੱਕ ਮੁਕੰਮਲ ਕੀਤਾ ਜਾਵੇ ਤਾਂ ਜੋ ਜਿਲ੍ਹਾ ਤਰਨ ਤਾਰਨ ਦੇ ਨੌਜਵਾਨਾਂ ਨੂੰ ਪਿੰਡਾਂ ਵਿੱਚ ਖੇਡਾਂ ਨਾਲ ਜੋੜਿਆ ਜਾ ਸਕੇ ਅਤੇ ਰਾਜ ਪੱਧਰ ਤੋਂ ਮਿਲੇ ਟੀਚਿਆਂ ਨੂੰ ਸਮਾਂਬੱਧ ਮੁਕੰਮਲ ਕੀਤਾ ਜਾ ਸਕੇ।

ਇਸ ਤੋਂ ਇਲਾਵਾ ਜਿਲ੍ਹਾ ਤਰਨ ਤਾਰਨ ਵਿਚ ਮਗਨਰੇਗਾ ਸਕੀਮ ਤਹਿਤ ਕੁੱਲ 40 ਆਂਗਣਵਾੜੀ ਸੈਂਟਰਾਂ ਦੀਆਂ ਬਿਲਡਿੰਗਾਂ ਤਿਆਰ ਕੀਤੀਆਂ ਜਾਣੀਆਂ ਹਨ, ਜਿਸ ਵਿਚੋਂ ਹੁਣ ਤੱਕ 10 ਕੰਮ ਮੁਕੰਮਲ ਕੀਤੇ ਜਾ ਚੁੱਕੇ ਹਨ ਅਤੇ 20 ਕੰਮ ਪ੍ਰਗਤੀ ਅਧੀਨ ਹਨ।ਇਸ ਪ੍ਰਗਤੀ ’ਤੇ ਬਲਾਕ ਭਿੱਖੀਵਿੰਡ ਅਤੇ ਵਲਟੋਹਾ ਵਲੋਂ ਮੁਕੰਮਲ ਕਰਵਾਏ ਗਏ ਕੰਮਾਂ ਦੀ ਸ਼ਲਾਘਾ ਕੀਤੀ ਗਈ। ਬਲਾਕ ਚੋਹਲਾ ਸਾਹਿਬ, ਗੰਡੀਵਿੰਡ, ਨੌਸ਼ਹਿਰਾ ਪੰਨੂਆਂ, ਖਡੂਰ ਸਾਹਿਬ ਅਤੇ ਤਰਨ ਤਾਰਨ ਦੇ ਬੀ. ਡੀ. ਪੀ. ਓਜ਼ ਨੂੰ ਆਦੇਸ਼ ਜਾਰੀ ਕੀਤੇ ਗਏ ਕਿ ਕੰਮਾਂ ਨੂੰ ਤੁਰੰਤ ਸ਼ੁਰੂ ਕਰਵਾਇਆ ਜਾਵੇ ਅਤੇ 01 ਮਾਰਚ, 2025 ਤੱਕ 50 ਫੀਸਦੀ ਕੰਮਾਂ ਨੂੰ ਮੁਕੰਮਲ ਕਰਵਾਉਣ ਯਕੀਨੀ ਬਣਾਉਣਗੇ।

ਇਸਦੇ ਨਾਲ ਹੀ ਡਿਪਟੀ ਕਮਿਸ਼ਨਰ ਵੱਲੋਂ ਆਦੇਸ਼ ਜਾਰੀ ਕੀਤੇ ਗਏ ਕਿ ਬੀ. ਡੀ. ਪੀ. ਓਜ਼ ਸਬੰਧਤ ਸਾਈਟਾਂ ’ਤੇ ਨਿੱਜੀ ਤੌਰ ਤੇ ਵਿਜ਼ਟ ਕਰਨਗੇ ਅਤੇ ਇਹਨਾਂ ਕੰਮਾਂ ਨੂੰ ਹਰ ਪੱਖੋਂ ਮੁਕੰਮਲ ਕਰਵਾਉਣਾ ਯਕੀਨੀ ਬਣਾਉਣਗੇ।

# ਵਿਧਾਇਕ ਜਿੰਪਾ ਨੇ ਗੁਰਦੁਆਰਾ ਜਾਹਰਾ ਜਹੂਰ ਸਾਹਿਬ ਨੂੰ ਜਾਣ ਵਾਲੀ ਸੜਕ ‘ਤੇ ਸਟਰੀਟ ਲਾਈਟਾਂ ਦਾ ਕੀਤਾ ਉਦਘਾਟਨ



**ਹੁਸ਼ਿਆਰਪੁਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਪੁਰਹੀਰਾਂ ਵਿਖੇ ਸਥਿਤ ਛੇਵੀਂ ਪਾਤਸ਼ਾਹੀ ਸ਼੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦੀ ਚਰਣ ਛੋਹ ਪ੍ਰਾਪਤ ਗੁਰਦੁਆਰਾ ਜਾਹਰਾ ਜਹੂਰ ਸਾਹਿਬ ਜੀ ਨੂੰ ਜਾਣ ਵਾਲੀ ਸੜਕ ‘ਤੇ ਲਗਾਈ ਗਈ 79 ਅਤਿ ਆਧੁਨਿਕ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ। ਇਹ ਸਟਰੀਟ ਲਾਈਟਾਂ ਲਗਭਗ 35 ਲੱਖ ਰੁਪਏ ਦੀ ਲਾਗਤ ਨਾਲ ਲਗਾਈਆਂ ਗਈਆਂ ਹਨ ਅਤੇ ਇਨ੍ਹਾਂ ਨੂੰ ਇਲਾਕੇ ਦੇ ਨਿਵਾਸੀਆਂ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪੁਰਹੀਰਾਂ ਪੁਲਿਸ ਚੌਕੀ ਦੇ ਸਾਹਮਣੇ ਤੋਂ ਗੁਜ਼ਰਦੀ ਇਹ ਸੜਕ ਨਾ ਸਿਰਫ਼ ਗੁਰਦੁਆਰਾ ਸਾਹਿਬ ਵਿਚ ਸ਼ਰਧਾਲੂਆਂ ਦੇ ਆਉਣ-ਜਾਣ ਲਈ ਵਰਤੀ ਜਾਂਦੀ ਹੈ, ਸਗੋਂ ਜਲੰਧਰ ਰੋਡ ਵੱਲ ਜਾਣ ਵਾਲੇ ਲੋਕ ਵੀ ਇਸ ਸੜਕ ਨੂੰ ਸ਼ਾਰਟਕੱਟ ਵਜੋਂ ਵਰਤਦੇ ਹਨ। ਉਨ੍ਹਾਂ ਦੱਸਿਆ ਕਿ ਸਟਰੀਟ ਲਾਈਟਾਂ ਲੱਗਣ ਨਾਲ ਰਾਤ ਦੇ ਸਮੇਂ ਸੜਕ ‘ਤੇ ਸੁਰੱਖਿਆ ਵਿਵਸਥਾ ਵਿੱਚ ਕਾਫੀ ਸੁਧਾਰ ਆਇਆ ਹੈ। ਪਹਿਲਾਂ ਇਥੇ ਰੋਸ਼ਨੀ ਦੀ ਕਮੀ ਕਰਕੇ ਲੁੱਟਪਾਟ ਅਤੇ ਹੋਰ ਅਪਰਾਧਕ ਘਟਨਾਵਾਂ ਵਾਪਰਦੀਆਂ ਸਨ, ਪਰ ਹੁਣ ਲੋਕ ਆਪਣੇ ਆਪ ਨੂੰ ਹੋਰ ਜ਼ਿਆਦਾ ਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਰੱਖਿਆ ਅਤੇ ਸੁੰਦਰਤਾ ਨੂੰ ਧਿਆਨ ਵਿੱਚ ਰੱਖਦਿਆਂ ਸ਼ਹਿਰ ਦੇ ਹੋਰ ਮਹੱਤਵਪੂਰਨ ਇਲਾਕਿਆਂ ਵਿੱਚ ਵੀ ਸਟਰੀਟ ਲਾਈਟਾਂ ਲਗਾਈਆਂ ਗਈਆਂ ਹਨ। ਇਨ੍ਹਾਂ ਵਿੱਚ ਨਲੋਈਆਂ ਚੌਕ, ਭਗਵਾਨ ਵਾਲਮੀਕਿ ਜੀ ਦੀ ਮੂਰਤੀ ਤੋਂ ਟਾਂਡਾ ਰੋਡ ਤੱਕ, ਫੂਡ ਸਟਰੀਟ, ਸਦਰ ਥਾਣਾ ਚੌਕ ਤੋਂ ਫੂਡ ਸਟਰੀਟ ਤੱਕ ਅਤੇ ਫੂਡ ਸਟਰੀਟ ਤੋਂ ਇਨਡੋਰ ਸਟੇਡਿਅਮ ਤੱਕ ਦੀਆਂ ਸੜਕਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਸ਼ਹਿਰ ਦੇ ਉਹਨਾਂ ਹਿੱਸਿਆਂ ਵਿੱਚ ਵੀ ਸਟਰੀਟ ਲਾਈਟਾਂ ਲਗਾਈਆਂ ਜਾਣਗੀਆਂ ਜਿੱਥੇ ਹੁਣ ਤੱਕ ਰੋਸ਼ਨੀ ਦੀ ਵਿਵਸਥਾ ਨਹੀਂ ਹੈ, ਤਾਂ ਜੋ ਪੂਰੇ ਸ਼ਹਿਰ ਨੂੰ ਸੁਰੱਖਿਅਤ ਅਤੇ ਸੁੰਦਰ ਬਣਾਇਆ ਜਾ ਸਕੇ।

ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਸਭ ਕੁਝ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ‘ਚ ਪੰਜਾਬ ਸਰਕਾਰ ਦੀ ਦੂਰਦਰਸ਼ੀ ਨੀਤੀਆਂ ਦੇ ਕਾਰਨ ਸੰਭਵ ਹੋਇਆ ਹੈ। ਉਨ੍ਹਾਂ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਦੇ ਹਰ ਸ਼ਹਿਰ ਅਤੇ ਪਿੰਡ ਨੂੰ ਬਿਹਤਰ ਬੁਨਿਆਦੀ ਸੁਵਿਧਾਵਾਂ ਉਪਲਬਧ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ।

ਇਸ ਮੌਕੇ ਇਲਾਕੇ ਦੇ ਨਿਵਾਸੀਆਂ ਨੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦਾ ਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਇਸ ਕਦਮ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਜਸਵੰਤ ਰਾਇ, ਕੌਂਸਲਰ ਮੰਜੀਤ ਕੌਰ, ਕੁਸ਼ ਸ਼ਾਰਦਾ, ਰਣਜੀਤ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਮੇਤ ਹੋਰ ਪਤਵੰਤੇ ਲੋਕ ਵੀ ਹਾਜ਼ਰ ਸਨ।

# ਪਟਿਆਲਾ ਜ਼ਿਲ੍ਹੇ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀਆਂ ਹੱਦਾਂ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ ਜੋ 5 ਅਪ੍ਰੈਲ 2025 ਤੱਕ ਲਾਗੂ ਰਹਿਣਗੇ। ਹੁਕਮਾਂ ਅਨੁਸਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਆਗੂਆਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ ਮੌਕੇ 'ਤੇ ਅਤੇ ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ, ਸਮਾਜਿਕ, ਧਾਰਮਿਕ, ਵਪਾਰਕ ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ ਕਿਸੇ ਵੀ ਇਮਾਰਤ, ਜਨਤਕ ਸਥਾਨਾਂ, ਖੁੱਲ੍ਹੇ ਸਥਾਨਾਂ, ਪੰਡਾਲਾਂ ਵਿੱਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਕਿਸੇ ਵੱਲੋਂ ਵੀ ਵਿਆਹ ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਵੱਖ-ਵੱਖ ਮੌਕਿਆਂ ਆਦਿ 'ਤੇ ਮੈਰਿਜ ਪੈਲਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨ ਆਦਿ ਵਿੱਚ ਡੀ.ਜੇ. ਆਰਕੈਸਟਰਾ, ਸੰਗੀਤਕ ਯੰਤਰ ਆਦਿ ਸਬੰਧਤ ਉਪ ਮੰਡਲ ਮੈਜਿਸਟਰੇਟ ਕੋਲੋਂ ਪੰਜਾਬ ਇਸਟਰੂਮੈਂਟ (ਕੰਟਰੋਲ ਆਫ ਨੁਆਇਸ) ਐਕਟ, 1956 ਵਿੱਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ/ਆਵਾਜ਼ੀ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਵੀ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਇਮਾਰਤ ਅਤੇ ਸਥਾਨ ਵਿੱਚ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ, ਸਬੰਧਤ ਉਪ ਮੰਡਲ ਮੈਜਿਸਟ੍ਰੇਟ ਪਾਸੋਂ ਪ੍ਰਵਾਨਗੀ ਲੈਣ ਦੇ ਬਾਵਜੂਦ ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ ਇਹ ਲਾਊਡ ਸਪੀਕਰ, ਆਵਾਜ਼ੀ/ਸੰਗੀਤਕ ਯੰਤਰ ਆਦਿ ਚਲਾਏ ਜਾਣਗੇ, ਦੀ ਆਵਾਜ਼ ਪ੍ਰੋਗਰਾਮ/ਸਮਾਗਮ ਵਾਲੇ ਸਥਾਨ, ਧਾਰਮਿਕ ਸਥਾਨ ਅਤੇ ਇਮਾਰਤ ਦੀ ਚਾਰਦੀਵਾਰੀ ਦੇ ਦਾਇਰੇ ਅੰਦਰ ਰਹਿਣੀ ਚਾਹੀਦੀ ਹੈ, ਜੋ ਕਿ ਭਾਰਤ ਸਰਕਾਰ ਵੱਲੋਂ ਜਾਰੀ "ਨੁਆਇਸ ਪਲਿਊਸ਼ਨ (ਰੈਗੂਲੇਸ਼ਨ ਐਂਡ ਕੰਟਰੋਲ) ਰੂਲਜ਼, 2000" ਤਹਿਤ ਜਾਰੀ ਨੋਟੀਫਿਕੇਸ਼ਨ ਮਿਤੀ 14/2/2000 ਵਿੱਚ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੇ ਆਵਾਜ਼ੀ, ਸਟੈਂਡਰਡ (ਸਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ) ਤੋਂ, ਕਿਸੇ ਵੀ ਹਾਲਤ ਵਿੱਚ ਵੱਧ ਨਹੀਂ ਹੋਣੀ ਚਾਹੀਦੀ। ਕਿਸੇ ਵੀ ਆਵਾਜ਼ੀ/ਸੰਗੀਤਕ ਯੰਤਰ, ਮਸ਼ੀਨ ਆਦਿ ਜਿਸ ਦੇ ਚੱਲਣ 'ਤੇ ਪੈਦਾ ਹੋਣ ਵਾਲੀ ਆਵਾਜ਼ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੀ ਆਵਾਜ਼ੀ ਸੀਮਾ ਤੋਂ ਵੱਧ ਹੋਵੇਗੀ, ਨੂੰ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਪ੍ਰੈਲ 2025 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ੀ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਅਤੇ ਲੋਕ ਹਿੱਤ ਵਿੱਚ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਕਿਸੇ ਵੱਲੋਂ ਵੀ ਅਜਿਹੇ ਪਟਾਕੇ ਜਿਨ੍ਹਾਂ ਦੇ ਚਲਾਏ ਜਾਣ 'ਤੇ, ਚੱਲਣ ਵਾਲੇ ਸਥਾਨ ਤੋਂ ਚਾਰ ਮੀਟਰ ਦੇ ਦਾਇਰੇ ਅੰਦਰ 125 ਡੀ.ਬੀ. (ਏਆਈ) ਜਾਂ 145 ਡੀ.ਬੀ (ਸੀ) ਪੀ.ਕੇ. ਤੋਂ ਵੱਧ ਆਵਾਜ਼/ਧਮਕ ਪੈਦਾ ਹੁੰਦੀ ਹੋਵੇ ਅਤੇ ਜਿਆਦਾ ਧੂੰਆਂ ਛੱਡਣ ਤੇ ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੇ ਬਣਾਉਣ, ਵੇਚਣ ਅਤੇ ਸਟੋਰ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਧਮਾਕਾਖੇਜ ਸਮੱਗਰੀ ਬਣਾਉਣ, ਵੇਚਣ ਅਤੇ ਇਸ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਦੇ ਪਟਾਕਿਆਂ ਵਿੱਚ ਵਰਤਣ 'ਤੇ ਵੀ ਮੁਕੰਮਲ ਪਾਬੰਦੀ ਹੋਵੇਗੀ। ਇਹ ਪਾਬੰਦੀ ਨਿਰਧਾਰਤ ਆਵਾਜ਼ ਅਤੇ ਰੰਗ/ਰੌਸ਼ਨੀ ਪੈਦਾ ਕਰਨ ਵਾਲੇ ਪਟਾਕਿਆਂ 'ਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕਿਸੇ ਵੱਲੋਂ ਵੀ ਕਿਸੇ ਵੀ ਸਥਾਨ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪਟਾਖੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਕਿਸੇ ਸਮੱਰਥ ਅਧਿਕਾਰੀ ਵੱਲੋਂ ਐਲਾਨੇ ਸਾਇਲੈਂਸ ਜੋਨ ਜਿਵੇਂ ਮੰਤਰਾਲਾ, ਇਨਵਾਇਰਮੈਂਟ, ਜੰਗਲਾਤ, ਹਸਪਤਾਲਾਂ, ਵਿਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸਸਥਾਵਾਂ ਆਦਿ ਦੇ 100 ਮੀਟਰ ਦੇ ਘੇਰੇ ਵਿੱਚ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਕਿਸੇ ਵੀ ਸਥਾਨ ਅਤੇ ਗੱਡੀਆਂ ਆਦਿ ਵਿੱਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਖਾਸ ਹਾਲਾਤ ਨੂੰ ਛੱਡ ਕੇ ਹਾਰਨ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਆਵਾਜ਼, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਹਾਰਨ ਨੂੰ ਕਿਸੇ ਵੀ ਸਥਾਨ 'ਤੇ ਵਜਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਪ੍ਰੈਸ਼ਰ ਹਾਰਨ ਅਤੇ ਹੋਰ ਅਜਿਹੇ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਦੇ ਹੋਣ, ਦੇ ਬਣਾਉਣ ਅਤੇ ਵੇਚਣ 'ਤੇ ਵੀ ਪੂਰਨ ਪਾਬੰਦੀ ਹੋਵੇਗੀ।

ਮਨਾਹੀ ਹੁਕਮਾਂ ਅਨੁਸਾਰ ਕਿਸੇ ਵੀ ਇਮਾਰਤ, ਵਪਾਰਕ ਸਥਾਨਾਂ, ਜਨਤਕ ਥਾਵਾਂ, ਸਿਨੇਮਿਆਂ, ਮਾਲ, ਹੋਟਲ, ਰੈਸਟੋਰੈਂਟ ਅਤੇ ਮੇਲਿਆਂ ਦੇ ਪ੍ਰਬੰਧਕਾਂ/ਮਾਲਕਾਂ ਵੱਲੋਂ ਕਿਸੇ ਵੀ ਹਾਲਤ ਵਿੱਚ ਉੱਚੀ ਆਵਾਜ਼ ਅਤੇ ਧਮਕ ਪੈਦਾ ਕਰਨ ਵਾਲੇ ਸੰਗੀਤ ਅਤੇ ਅਸ਼ਲੀਲ ਗੀਤ ਚਲਾਏ ਜਾਣ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਪਟਿਆਲਾ ਜ਼ਿਲ੍ਹੇ ਵਿੱਚ ਸਥਿਤ ਕਿਸੇ ਵੀ ਪਟਾਕਾ ਫੈਕਟਰੀ/ਯੂਨਿਟ ਵਿੱਚ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ ਪ੍ਰਦੂਸ਼ਣ ਅਤੇ ਵਾਤਾਵਰਣ ਪ੍ਰਦੂਸ਼ਣ ਰੋਕਣ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਰਧਾਰਤ ਆਵਾਜ਼/ਧਮਕ ਪੈਦਾ ਕਰਨ ਵਾਲੇ ਅਤੇ ਨਿਰਧਾਰਤ ਸਾਈਜ਼ ਵਾਲੇ ਪਟਾਕੇ ਹੀ ਤਿਆਰ ਕੀਤੇ ਜਾਣਗੇ। ਨਿਰਧਾਰਤ ਆਵਾਜ਼ੀ ਸੀਮਾ ਤੋਂ ਵੱਧ ਆਵਾਜ਼/ਧਮਕ ਪੈਦਾ ਕਰਨ ਵਾਲੇ ਪਟਾਕਿਆਂ, ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਅਤੇ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਬਣਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ ਇਹ ਹੁਕਮ ਸਰਕਾਰੀ ਮਸ਼ੀਨਰੀ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਲਾਗੂ ਨਹੀਂ ਹੋਵੇਗਾ। ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਅਮਿੱਟ ਯਾਦਾਂ ਦੀ ਛਾਪ ਛੱਡ ਗਿਆ ਠਰਵਾ ਮਾਜਰਾ ਕਰਨਾਲ ਦਾ ਗੁਰਮਤਿ ਸਮਾਗਮ



**ਲੁਧਿਆਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਅਤੇ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਜੀ ਦੇ ਜੱਦੀ ਪਿੰਡ ਠਰਵਾ ਮਾਜਰਾ ਕਰਨਾਲ ਹਰਿਆਣਾ ਵਿਖੇ ਹਰ ਸਾਲ ਦੀ ਤਰ੍ਹਾਂ ਸਲਾਨਾ ਗੁਰਮਤਿ ਸਮਾਗਮ ਹੋਇਆ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਤਿੰਨ ਦਿਨਾਂ ਸਮਾਗਮ ਦੌਰਾਨ ਭਾਈ ਕਰਨੈਲ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਸਰੂਪ ਸਿੰਘ ਰੂਪ ਤਿੰਨੋ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਇੰਦਰਜੀਤ ਸਿੰਘ ਸਾਬਕਾ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਭਾਈ ਜਸਕਰਨ ਸਿੰਘ ਪਟਿਆਲਾ ਵਾਲੇ, ਭਾਈ ਬਲਕਾਰ ਸਿੰਘ ਲੁਧਿਆਣਾ ਵਾਲੇ, ਬੀਬੀ ਰਵਿੰਦਰ ਕੌਰ ਪਟਿਆਲਾ, ਬੀਬੀ ਕਵਲਜੀਤ ਕੌਰ ਮਸਕੀਨ ਸ਼ਾਹਬਾਦ ਮਾਰਕੰਡਾ, ਗੁਰਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਭਾਈ ਭਾਰਤ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਹਰਵਿੰਦਰ ਸਿੰਘ ਰਬਾਬੀ, ਭਾਈ ਅਰਸ਼ਦੀਪ ਸਿੰਘ ਤਬਲਾ ਵਾਦਕ ਆਦਿ ਕੀਰਤਨੀਆਂ ਨੇ ਗੁਰਬਾਣੀ ਸ਼ਬਦ ਕੀਰਤਨ ਕੀਤਾ। ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲੇ, ਪ੍ਰਿੰਸੀਪਲ ਬਲਜੀਤ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ, ਗਿਆਨੀ ਨਰਿੰਦਰ ਸਿੰਘ ਕਨੇਡਾ ਵਾਲੇ ਆਦਿ ਪੰਥ ਪ੍ਰਸਿੱਧ ਕਥਾਵਾਚਕਾਂ ਨੇ ਗੁਰਬਾਣੀ ਸ਼ਬਦ ਅਤੇ ਗੁਰੂ ਇਤਿਹਾਸ ਦੀ ਕਥਾ ਕਰਦਿਆਂ ਸੰਗਤਾਂ ਨੂੰ ਜੋੜਿਆ। ਗਿਆਨੀ ਤਰਲੋਚਨ ਸਿੰਘ ਭਮੱਦੀ ਗਿਆਨੀ ਬਲਦੇਵ ਸਿੰਘ ਐਮ ਏ., ਗਿਆਨੀ ਗੁਰਮੁਖ ਸਿੰਘ ਐਮ ਏ ਢਾਡੀ ਜੱਥਿਆਂ ਨੇ ਸਿੱਖ ਇਤਿਹਾਸ ਦੀਆਂ ਵਾਰਾਂ ਗਾਇਨ ਕਰਦਿਆਂ ਸੰਗਤਾਂ ਅੰਦਰ ਜੋਸ਼ ਭਰਿਆ। ਸਮਾਗਮ ਦੌਰਾਨ ਸੰਤ ਬਾਬਾ ਅਮੀਰ ਸਿੰਘ ਜੀ ਨੇ ਗੁਰਮਤਿ ਵਿਚਾਰਨ ਦੀ ਸਾਂਝ ਪਾਉਂਦਿਆਂ ਸਫਲ ਜੀਵਨ ਮਾਰਗ ਦੀ ਸੋਝੀ ਦੇਣ ਲਈ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਆਰੰਭ ਕੀਤੇ ਪਿੰਡ ਠਰਵਾ ਮਾਜਰਾ ਸਮਾਗਮ ਦੀ ਦੂਰਅੰਦੇਸ਼ੀ ਅੱਜ ਸਾਹਮਣੇ ਨਜ਼ਰ ਆ ਰਹੀ ਹੈ, ਜਦੋਂ ਠਾਠਾਂ ਮਾਰਦਾ ਸੰਗਤਾਂ ਦਾ ਇਕੱਠ ਸਥਾਨਕ ਜੁਗਿਆਸੂਆਂ ਦੀ ਪ੍ਰਭੂ ਮਿਲਾਪ ਦੀ ਤਾਂਘ ਪੂਰਾ ਕਰਦਾ ਮਹਿਸੂਸ ਹੁੰਦਾ ਹੈ। ਇਸ ਮੌਕੇ ਸਮਾਗਮ ਦੀ ਸਫਲਤਾ ਲਈ ਅਹਿਮ ਜ਼ਿੰਮੇਵਾਰੀ ਨਿਭਾਉਂਦਿਆਂ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਅਣ-ਲੋੜੀਂਦੇ ਸੰਸਾਰਕ ਝਮੇਲਿਆਂ ਝੰਜਟਾਂ 'ਚ ਫਸ ਕੇ ਖੁਆਰ ਹੋਣ ਨਾਲੋਂ ਗੁਰੂ ਦੀ ਮੱਤ ਲੈਣ ਤੇ ਜੋਰ ਦਿੱਤਾ। ਉਨ੍ਹਾਂ ਦੱਸਿਆ ਕਿ ਆਉਂਦੇ ਵਰ੍ਹੇ 13,14,15 ਫਰਵਰੀ 2026 ਨੂੰ ਸਮਾਗਮ ਹੋਵੇਗਾ। ਸ੍ਰ: ਸਤਪਾਲ ਸਿੰਘ ਮੁਲਤਾਨੀ ਵਲੋਂ ਗੁਰਦੁਆਰਾ ਈਸ਼ਰਧਾਮ ਦੇ ਦਰਬਾਰ ਸਾਹਿਬ ਦੇ ਸੁੰਦਰੀਕਰਨ ਕਰਨ ਬਦਲੇ ਅਤੇ ਡਾ: ਗੁਰਬੀਰ ਸਿੰਘ ਗਿੱਲ ਵਲੋਂ ਨਿਭਾਈਆਂ ਸਿਹਤ ਸੇਵਾਵਾ ਸਬੰਧੀ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਗਿਆਨੀ ਗੁਰਵਿੰਦਰ ਸਿੰਘ ਜਵੱਦੀ ਟਕਸਾਲ ਨੇ ਸਟੇਜ ਸੰਚਾਲਨ ਦੀ ਅਹਿਮ ਜ਼ਿੰਮੇਵਾਰੀ ਨਿਭਾਈ ਜਦਕਿ ਜਵੱਦੀ ਟਕਸਾਲ ਤੋਂ ਉਚੇਚੇ ਤੌਰ ਤੇ ਪੁੱਜੇ ਪੰਜ ਪਿਆਰੇ ਸਹਿਬਾਨ ਨੇ ਅੰਮ੍ਰਿਤ ਸੰਚਾਰ ਕੀਤਾ ਅਤੇ 25 ਪ੍ਰਾਣੀ ਗੁਰੂ ਵਾਲੇ ਬਣੇ।

# ਡਿਪਟੀ ਕਮਿਸ਼ਨਰ ਨੂੰ ਸ਼ੈਡ ਪਾਉਣ ਵਾਸਤੇ ਹਿਊਮਨ ਸਰਵਿਸ ਸੁਸਾਇਟੀ ਨੇ ਦਿੱਤਾ ਮੰਗ ਪੱਤਰ



**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਮ ਹਿਊਮਨ ਸਰਵਿਸ ਸੁਸਾਇਟੀ ਦੇ ਸਟੇਟ ਪ੍ਰਧਾਨ ਜਤਿੰਦਰ ਸ਼ਰਮਾ, ਸੀਨੀਅਰ ਸਿਟੀਜਨ ਦੀ ਟੀਮ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਸਾਹਿਬਾਨ ਨੂੰ ਮਿਲਿਆ ਗਿਆ ਅਤੇ ਮੰਗ ਪੱਤਰ ਦਿੱਤਾ ਗਿਆ। ਇਸ ਵਿੱਚ ਸਾਡੇ ਵਲੋਂ ਬੇਨਤੀ ਕੀਤੀ ਗਈ ਕਿ ਸਾਡੇ ਮੁਹੱਲੇ ਦੇ ਸਾਰੇ ਹੀ ਸੀਨੀਅਰ ਸਿਟੀਜਨ ਹਾਂ ਜੋ ਕਿ ਰਿਟਾਇਰ ਹੋ ਚੁੱਕੇ ਹਾਂ ਸਾਨੂੰ ਸਾਰਾ ਦਿਨ ਘਰ ਵਿੱਚ ਕੱਢਣਾ ਬਹੁਤ ਔਖਾ ਹੁੰਦਾ ਹੈ ਇਸ ਲਈ ਅਸੀਂ ਸਾਰੇ ਬਜ਼ੁਰਗ ਆਨੰਦ ਨਗਰ, ਵਿਕਾਸ ਨਗਰ, ਰਣਜੀਤ ਨਗਰ ਵਾਸੀ ਹਾਂ ਅਸੀਂ ਸਾਰੇ ਸੈਂਟਰ ਦੇ ਚੌਂਕ ਉੱਤੇ ਚਾਰ ਬੈਂਚਾਂ ਤੇ ਉੱਥੇ ਬੈਠ ਕੇ ਸ਼ਾਮ ਸਵੇਰੇ ਗੱਲਾਂ ਬਾਤਾਂ ਕਰਕੇ ਖੁਸ਼ੀ ਆਪਣਾ ਸਮਾਂ ਗੁਜ਼ਾਰ ਲੈਂਦੇ ਹਾਂ।

ਆਪ ਜੀ ਨੂੰ ਸਾਰੇ ਸੀਨੀਅਰ ਸਿਟੀਜਨ ਅਤੇ ਸਟੇਟ ਹਿਊਮਨ ਸਰਵਿਸ ਸੁਸਾਇਟੀ ਵੱਲੋਂ ਡੀ.ਸੀ. ਸਾਹਿਬ ਨੂੰ ਮੰਗ ਪੱਤਰ ਵਿੱਚ ਬਜ਼ੁਰਗਾਂ ਦੇ ਬੈਠਣ ਵਾਲੀ ਥਾਂ ਤੇ ਸੈਡ ਲਵਾਉਣ ਦੀ ਕਿਰਪਾਲਤਾ ਕੀਤੀ ਜਾਵੇ। ਤਾਂ ਜੋ ਕਿ ਗਰਮੀ, ਸਰਦੀ, ਮੀਂਹ ਪੈਣ ਤੋਂ ਬਚਾਅ ਹੋ ਸਕਦਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸਾਹਿਬਾਨ ਨੇ ਵਿਸ਼ਵਾਸ਼ ਦਿਵਾਇਆ ਕਿ ਤੁਹਾਡੀਆਂ ਮੰਗਾਂ ਜਲਦੀ ਤੋਂ ਜਲਦੀ ਹੱਲ ਕਰ ਦਿੱਤੀਆਂ ਜਾਣਗੀਆਂ।

ਇਸ ਮੌਕੇ ਵਿਸ਼ੇਸ਼ ਤੌਰ ਤੇ ਸਟੇਟ ਪ੍ਰਧਾਨ ਜਤਿੰਦਰ ਸ਼ਰਮਾ, ਨਿਰਮਲ ਜੈਨ, ਰਾਜੇਸ਼ਵਰ ਕੁਮਾਰ, ਜਸਬੀਰ ਪਾਲ, ਰਾਜੇਸ਼ ਪਾਠਕ, ਨਰਿੰਦਰਪਾਲ ਸਿੰਘ, ਬਲਬੀਰ ਸਿੰਘ, ਰਮੇਸ਼ ਚੰਦ, ਰਘਬੀਰ ਚੰਦ, ਸ਼ਿਵ ਪ੍ਰਸ਼ਾਦ, ਭਵਨ ਚੰਦ ਆਦਿ ਸ਼ਾਮਲ ਸਨ।

# ਮੁਲਾਜਮਾਂ ਦੇ ਅਤੇ ਪੈਨਸ਼ਨਰਾਂ ਦੇ ਹਜਾਰਾਂ ਕਰੋੜਾਂ ਰੁਪਏ ਦੇ ਬਕਾਏ ਅਦਾ ਕਰਨ ਵਿੱਚ ਅਸ.ਫਲ ਰਹੀ : ਜੋਗਿੰਦਰ ਸਿੰਘ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰ. ਜੋਗਿੰਦਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਤਹਿਤ ਪਟਿਆਲਾ ਡਿਪੂ ਦੀ ਮੀਟਿੰਗ ਪੁਰਾਣੇ ਬੱਸ ਸਟੈਂਡ ਪਟਿਆਲਾ ਵਿਖੇ ਹੋਈ। ਜਿਸ ਵਿੱਚ ਭਾਰੀ ਗਿਣਤੀ ਪੈਨਸ਼ਨਰਾਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਇਸ ਗੱਲ ਲਈ ਨੁਕਤਾਚੀਨੀ ਕੀਤੀ ਕਿ ਸਰਕਾਰ ਆਪਣੇ ਮੁਲਾਜਮਾਂ ਦੇ ਅਤੇ ਪੈਨਸ਼ਨਰਾਂ ਦੇ ਹਜਾਰਾਂ ਕਰੋੜਾਂ ਰੁਪਏ ਦੇ ਬਕਾਏ ਅਦਾ ਕਰਨ ਵਿੱਚ ਅਸਫ਼ਲ ਰਹੀ ਹੈ ਅਤੇ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੀ ਵੀ ਪਾਲਣਾ ਨਹੀਂ ਕਰ ਰਹੀ ਅਤੇ ਮਾਨਹਾਨੀ ਪਟੀਸ਼ਨਾਂ ਵਿੱਚ ਵੀ ਟਾਲ ਮਟੋਲ ਦੀ ਨੀਤੀ ਅਖਤਿਆਰ ਕਰ ਰਹੀ ਹੈ। ਪੰਜਾਬ ਸਰਕਾਰ ਪੀ.ਆਰ.ਟੀ.ਸੀ. ਦਾ ਮੁਫ਼ਤ ਸਫਰ ਸਹੂਲਤਾਂ ਸਬੰਧੀ 500 ਕਰੋੜ ਰੁਪਏ ਦਾ ਬਕਾਇਆ ਅਦਾ ਨਹੀਂ ਕਰ ਰਹੀ। ਜਿਸ ਕਾਰਨ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਸਮੇਂ ਸਿਰ ਤਨਖਾਹ ਅਤੇ ਪੈਨਸ਼ਨ ਨਹੀਂ ਮਿਲ ਰਹੀ। ਜਿਸ ਕਾਰਨ ਪੈਨਸ਼ਨਰਾਂ ਵਿੱਚ ਬੇਹੱਦ ਰੋਸ ਸੀ ਅਤੇ ਪੈਨਸ਼ਨਰ ਕੋਈ ਵੱਡਾ ਐਕਸ਼ਨ ਉਲੀਕਣ ਦੀ ਮੰਗ ਕਰ ਰਹੇ ਸਨ। ਮੀਟਿੰਗ ਵਿੱਚ ਸਰਵ ਸ੍ਰੀ ਜੋਗਿੰਦਰ ਸਿੰਘ ਪ੍ਰਧਾਨ, ਸ਼ਿਵ ਕੁਮਾਰ ਸ਼ਰਮਾ ਜਨਰਲ ਸਕੱਤਰ, ਮਹਿੰਦਰਪਾਲ ਡਿਪਟੀ ਸੈਕਟਰੀ, ਲਲਕਾਰ ਸਿੰਘ ਅਤੇ ਜਰਨੈਲ ਸਿੰਘ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਸ੍ਰੀ ਦੀਵਾਨ ਚੰਦ ਸੀਨੀਅਰ ਸਹਾਇਕ ਨੂੰ 88 ਸਾਲ ਉਮਰ ਪੂਰੀ ਕਰਨ ਤੇ ਸਨਮਾਨਿਤ ਕੀਤਾ ਗਿਆ। ਪੈਨਸ਼ਨਰ ਪਰਿਵਾਰ ਵਿਚੋਂ ਵਿਛੜੇ ਸਾਥੀਆ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਨੂੰ ਸਫਰ ਬਣਾਉਣ ਲਈ ਸਰਵ ਸ੍ਰੀ ਬਖਸ਼ੀਸ਼ ਸਿੰਘ ਦਫਤਰ ਸਕੱਤਰ, ਸੁਖਦੇਵ ਸਿੰਘ ਭੂਪਾ, ਸੋਹਣ ਸਿੰਘ, ਰਮੇਸ਼ ਕੁਮਾਰ, ਸੁਰਿੰਦਰ ਬੇਦੀ, ਰਾਮ ਦਿੱਤਾ ਸਿੰਘ, ਨਿਰਪਾਲ ਸਿੰਘ, ਮਲਕੀਤ ਸਿੰਘ, ਕੁਲਵਿੰਦਰ ਕੁਮਾਰ, ਤਰਲੋਕ ਸਿੰਘ, ਪ੍ਰੀਤਮ ਸਿੰਘ ਅਤੇ ਹੋਰ ਭਾਰੀ ਗਿਣਤੀ ਪੈਨਸ਼ਨਰਾਂ ਨੇ ਹਿੱਸਾ ਲਿਆ। ਆਖੀਰ ਸ਼ਿਵ ਕੁਮਾਰ ਸ਼ਰਮਾ ਨੇ ਸਾਰਿਆਂ ਹਾਜਰਾ ਮੈਂਬਰਾਂ ਨੂੰ ਵੱਧ ਤੋਂ ਵੱਧ ਮੈਂਬਰਸ਼ਿਪ ਕਟਵਾਉਣ ਲਈ ਬੇਨਤੀ ਕੀਤੀ ਅਤੇ ਹਾਜਰੀ ਲਈ ਧੰਨਵਾਦ ਕੀਤਾ।

# ਹਵਾਈ ਜਹਾਜਾਂ ਦੇ ਮਾਡਲਾਂ ਦਾ ਸ਼ੋਅ 15 ਫਰਵਰੀ ਨੂੰ, ਪੀ.ਡੀ.ਏ. ਦੇ ਸੀ.ਏ. ਮਨੀਸ਼ਾ ਰਾਣਾ ਵੱਲੋਂ ਪੋਸਟਰ ਜਾਰੀ

**ਪਟਿਆਲਾ, 13 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਐਰੋ ਮਾਡਲਿੰਗ ਸ਼ੋਅ ਦਾ ਪੋਸਟਰ ਜਾਰੀ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਸੀ.ਏ. ਪੀ.ਡੀ.ਏ. ਜਸ਼ਨਪ੍ਰੀਤ ਕੌਰ ਗਿੱਲ ਵੀ ਨਜ਼ਰ ਆ ਰਹੇ ਹਨ।

ਪਟਿਆਲਾ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਨੇ ਪਟਿਆਲਾ ਹੈਰੀਟੇਜ ਫੈਸਟੀਵਲ 2025 ਤਹਿਤ 15 ਫਰਵਰੀ ਨੂੰ ਕਰਵਾਏ ਜਾ ਰਹੇ ਐਰੋ ਦਾ ਸ਼ੋਅ ਪੋਸਟਰ ਜਾਰੀ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਏ.ਸੀ.ਏ. ਜਸ਼ਨਪ੍ਰੀਤ ਕੌਰ ਗਿੱਲ ਵੀ ਮੌਜੂਦ ਸਨ। ਮਨੀਸ਼ਾ ਰਾਣਾ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਵੱਖ-ਵੱਖ ਹਵਾਈ ਜਹਾਜਾਂ ਦੇ ਮਾਡਲਾਂ ਦੇ ਸ਼ੋਅ ਦੇਖਣ ਲਈ ਪੁੱਜਣ ਦਾ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਇਸ ਲਈ ਦਾਖਲਾ ਬਿਲਕੁਲ ਮੁਫ਼ਤ ਹੈ।

ਮਨੀਸ਼ਾ ਰਾਣਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਉਲੀਕੇ ਗਏ ਪਟਿਆਲਾ ਹੈਰੀਟੇਜ ਫੈਸਟੀਵਲ ਤਹਿਤ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਦੇਖ ਰੇਖ ਹੇਠ ਐਰੋ ਮਾਡਲਿੰਗ ਸ਼ੋਅ ਇਥੇ ਸੰਗਰੂਰ ਰੋਡ 'ਤੇ ਸਥਿਤ ਸਿਵਲ ਏਵੀਏਸ਼ਨ ਕਲੱਬ ਵਿਖੇ 15 ਫਰਵਰੀ ਨੂੰ ਕਰਵਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਪਟਿਆਲਾ ਹੈਰੀਟੇਜ ਫੈਸਟੀਵਲ ਦੇ ਸਮਾਰੋਹਾਂ ਦੀ ਲੜੀ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾਣ ਵਾਲੇ ਹਵਾਈ ਜਹਾਜਾਂ ਦੇ ਮਾਡਲਾਂ ਦੇ ਸ਼ੋਅ ਦੌਰਾਨ ਏਵੀਏਸ਼ਨ ਕਲੱਬ ਪਟਿਆਲਾ ਦੇ ਚੀਫ਼ ਇੰਸਟ੍ਰਕਟਰ ਕੈਪਟਨ ਹਰਪ੍ਰੀਤ ਸਿੰਘ ਵੱਲੋਂ ਹਵਾਈ ਜਹਾਜ ਦੇ ਕਰਤੱਬ ਦਿਖਾਉਣ ਸਮੇਤ ਵੱਖ-ਵੱਖ ਏਅਰੋ ਮਾਡਲਿੰਗ ਕਲੱਬਾਂ ਦੀਆਂ ਟੀਮਾਂ ਜਹਾਜਾਂ ਦੇ ਮਾਡਲਾਂ ਦੇ ਕਰਤੱਬ ਦਿਖਾਉਣਗੀਆਂ।

ਮਨੀਸ਼ਾ ਰਾਣਾ ਦੱਸਿਆ ਕਿ ਵਿਦਿਆਰਥੀਆਂ ਨੂੰ ਭਾਰਤੀ ਫ਼ੌਜ 'ਚ ਭਰਤੀ ਹੋਣ ਲਈ ਪ੍ਰੇਰਤ ਕਰਨ ਵਾਸਤੇ ਕਰਵਾਏ ਜਾਣ ਵਾਲੀ ਇਸ ਐਰੋ ਮਾਡਲਿੰਗ ਦੌਰਾਨ ਮਾਈਕਰੋ-ਲਾਈਟ ਏਅਰਕਰਾਫ਼ਟ ਫਲਾਇੰਗ, ਹਵਾਈ ਜਹਾਜ਼ ਤੋਂ ਪਰਚੇ ਸੁੱਟਣਾ, ਪੈਰਾਗਲਾਈਡਿੰਗ ਸ਼ੋਅ ਸਮੇਤ ਐਨ.ਸੀ.ਸੀ., ਪੀ.ਏ.ਐਮ.ਈ.ਸੀ. ਅਤੇ ਡੀ.ਬੀ.ਈ.ਈ. ਵੱਲੋਂ ਕੈਰੀਅਰ ਕਾਊਂਸਲਿੰਗ ਵੀ ਹੋਵੇਗੀ।

# ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



**ਸਮਾਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਵਿਦਾਸ ਮੰਦਿਰ ਬੰਮਣਾ ਪਤੀ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ 648 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸਜਾਏ ਗਏ ਨਗਰ ਕੀਰਤਨ ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਵਿਚ ਸਜਾਇਆ ਗਿਆ ਅਤੇ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਰਾਗੀ ਜੱਥੇ ਸ਼ਬਦ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ।

ਇਸ ਮੌਕੇ ਫੌਜੀ ਬੈਂਡ ਵੱਲੋਂ ਆਪਣੇ ਕਰਤਵ ਵਿਖਾਏ ਗਏ।

# ਪੀ.ਡੀ.ਏ ਨੇ ਪਿੰਡ ਦੌਲਤਪੁਰ ਵਿਖੇ ਅਣ ਅਧਿਕਾਰਤ ਕਲੋਨੀ ਖ਼ਿਲਾ.ਫ ਕੀਤੀ ਕਾਰਵਾਈ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਡਿਵੈਲਪਮੈਂਟ ਅਥਾਰਿਟੀ (ਪੀ.ਡੀ.ਏ.) ਵੱਲੋਂ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਅਤੇ ਵਧੀਕ ਮੁੱਖ ਪ੍ਰਸ਼ਾਸਕ ਜਸ਼ਨਪ੍ਰੀਤ ਕੌਰ ਦੀ ਅਗਵਾਈ ਵਿੱਚ ਪਿੰਡ ਦੌਲਤਪੁਰ ਵਿਖੇ ਅਣ ਅਧਿਕਾਰਤ ਕਲੋਨੀ ਖ਼ਿਲਾਫ਼ ਕਾਰਵਾਈ ਕਰਦਿਆਂ ਗਰੀਨ ਬੈਲਟ ਵਿੱਚ ਬਿਨਾਂ ਮਨਜ਼ੂਰੀ ਵਿਕਸਤ ਕੀਤੀ ਜਾ ਰਹੀ ਅਣ ਅਧਿਕਾਰਤ ਕਲੋਨੀ ਨੂੰ ਢਾਹ ਦਿੱਤਾ ਗਿਆ ਹੈ।

ਇਸ ਮੁਹਿੰਮ ਤਹਿਤ ਪੀ.ਡੀ.ਏ. ਦੇ ਅਧਿਕਾਰੀਆਂ ਵੱਲੋਂ ਇਹ ਸਪਸ਼ਟ ਸੁਨੇਹਾ ਦਿੱਤਾ ਗਿਆ ਕਿ ਪੀ.ਡੀ.ਏ., ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਆਮ ਜਨਤਾ ਨੂੰ ਇਹਨਾਂ ਵਿਕਸਤ ਹੋਈਆਂ ਕਲੋਨੀਆਂ ਵਿੱਚ ਆਪਣੀ ਅਹਿਮ ਪੂੰਜੀ ਨੂੰ ਨਿਵੇਸ਼ ਕਰਨ ਤੋਂ ਬਚਾਇਆ ਜਾ ਸਕੇ ਅਤੇ ਪਟਿਆਲਾ ਜ਼ਿਲ੍ਹੇ ਵਿੱਚ ਹੋ ਰਹੇ ਗੈਰ-ਯੋਜਨਾਬੱਧ ਵਿਕਾਸ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਪੀ.ਡੀ.ਏ. ਦੇ ਅਧਿਕਾਰੀਆਂ ਵੱਲੋਂ ਇਹ ਵੀ ਸੰਦੇਸ਼ ਦਿੱਤਾ ਗਿਆ ਕਿ ਆਮ ਜਨਤਾ ਵੱਲੋਂ ਕਿਸੇ ਵੀ ਅਣ-ਅਧਿਕਾਰਤ ਕਲੋਨੀ ਵਿੱਚ ਬਿਲਡਿੰਗ/ਪਲਾਟ ਖ਼ਰੀਦ ਕੇ ਆਪਣੀ ਜਮਾਂ ਪੂੰਜੀ ਕਿਸੇ ਅਣ-ਅਧਿਕਾਰਤ ਕਲੋਨੀ ਵਿੱਚ ਨਿਵੇਸ਼ ਨਾ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਆਮ ਜਨਤਾ ਲਈ ਇਹ ਜ਼ਰੂਰੀ ਹੈ ਕਿ ਕੋਈ ਵੀ ਬਿਲਡਿੰਗ /ਪਲਾਟ ਖ਼ਰੀਦਣ ਜਾਂ ਲੀਜ਼ ਤੇ ਲੈਣ ਤੋਂ ਪਹਿਲਾਂ ਉਸ ਦੀ ਪ੍ਰਵਾਨਗੀ ਸਬੰਧੀ ਜਾਣਕਾਰੀ ਪੀਡੀਏ ਦਫ਼ਤਰ ਪਾਸੋਂ ਪ੍ਰਾਪਤ ਕਰ ਲਈ ਜਾਵੇ। ਇਸ ਤੋਂ ਇਲਾਵਾ ਅਧਿਕਾਰੀਆਂ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਕਿ ਇਹਨਾਂ ਕਲੋਨੀਆਂ ਤੋਂ ਇਲਾਵਾ ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਜੇਕਰ ਇਸ ਸਬੰਧੀ ਕੋਈ ਪੁਖ਼ਤਾ ਜਵਾਬ ਜਾਂ ਦਸਤਾਵੇਜ਼ ਨੋਟਿਸ ਵਿੱਚ ਦਿੱਤੇ ਸਮੇਂ ਦੌਰਾਨ ਪ੍ਰਾਪਤ ਨਹੀਂ ਹੁੰਦੇ ਹਨ ਤਾਂ ਉਹਨਾਂ ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ ਅਤੇ ਪਾਪਰਾ ਐਕਟ 1995 ਦੀਆਂ ਧਾਰਾਵਾਂ ਤਹਿਤ ਐੱਫ.ਆਈ.ਆਰ. ਵੀ ਦਰਜ ਕਰਵਾਈ ਜਾਵੇਗੀ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੇ ਸਿੱਖਿਆ ਵਿਭਾਗ ਦੇ ਕਾਊਂਸਲਰਾਂ ਦੀ ਕਰਵਾਈ ਕਾਨ.ਫਰੰਸ




**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ ਡੀ.ਬੀ.ਈ.ਈ. ਡਾ. ਪ੍ਰੀਤੀ ਯਾਦਵ ਦੀ ਰਹਿਨੁਮਾਈ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) - ਕਮ- ਸੀ.ਈ.ਓ ਅਨੁਪ੍ਰਿਤਾ ਜੌਹਲ ਦੀ ਅਗਵਾਈ ਹੇਠ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਸਿੱਖਿਆ ਵਿਭਾਗ ਦੇ ਕਾਉਂਸਲਰਾਂ ਦੀ ਕਾਨਫ਼ਰੰਸ ਕਰਵਾਈ ਗਈ। ਇਸ ਵਿੱਚ ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ ਲਗਭਗ 200 ਕਾਊਸਲਰਾਂ ਨੇ ਭਾਗ ਲਿਆ।

ਕਾਨਫ਼ਰੰਸ ਵਿੱਚ ਆਏ ਵੱਖ ਵੱਖ ਖੇਤਰਾਂ ਦੇ ਮਾਹਿਰਾਂ ਵੱਲੋਂ ਕਾਉਂਸਲਰਾਂ ਨੂੰ ਵੱਖੋ ਵੱਖ ਖੇਤਰਾਂ ਵਿੱਚ ਨੌਜਵਾਨਾਂ ਲਈ ਪੈਦਾ ਕੀਤੇ ਜਾਣ ਵਾਲੇ ਮੌਕਿਆਂ ਸਬੰਧੀ ਜਾਣਕਾਰੀ ਦਿੱਤੀ।

ਇਸ ਕਾਨਫ਼ਰੰਸ ਵਿੱਚ ਸੂਬੇਦਾਰ ਮੇਜਰ ਯਾਦਵਿੰਦਰ ਸਿੰਘ ਟ੍ਰੇਨਿੰਗ ਅਫ਼ਸਰ ਸੀ-ਪਾਈਟ ਨਾਭਾ ਨੇ ਕਾਉਂਸਲਰਾਂ ਨੂੰ ਅਗਨੀਵੀਰ ਅਤੇ ਸੀ-ਪਾਈਟ ਵਿੱਚ ਟ੍ਰੇਨਿੰਗ ਬਾਰੇ ਜਾਣੂ ਕਰਵਾਇਆ। ਡਾ. ਰਨਿੰਦਰ ਕੌਰ, ਪ੍ਰੋਫੈਸਰ, ਸਕੂਲ ਆਫ਼ ਮੈਨੇਜਮੈਂਟ, ਪੰਜਾਬੀ ਯੂਨੀਵਰਸਿਟੀ ਨੇ ਕਾਉਂਸਲਰਾਂ ਨੂੰ ਏਂਟਰਪਰਿਨੂਸ਼ਿਪ ਬਾਰੇ ਜਾਣਕਾਰੀ ਦਿੱਤੀ। ਡਾ. ਰਿਸ਼ਬ ਜੈਨ, ਅਸਿਸਟੈਂਟ ਪ੍ਰੋਫੈਸਰ, ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ ਨੇ ਲਾਅ ਕਰਨ ਉਪਰੰਤ 12 ਤਰ੍ਹਾਂ ਦੇ ਵਸੇਬਿਆਂ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਅਨੁਪਮ ਮਿਸ਼ਰਾ, ਡਿਪਾਰਟਮੈਂਟ ਆਫ਼ ਮੈਨੇਜਮੈਂਟ, ਮਹਿੰਦਰਾ ਕਾਲਜ ਨੇ ਆਰਟਸ ਵਿੱਚ ਚੱਲ ਰਹੇ ਗਲੋਬਲ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੀ ਹਰਪ੍ਰੀਤ ਸਿੰਘ ਮਾਨਸਾਹੀਆ, ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਜੀ ਨੇ ਅਗਨੀਵੀਰ ਦੀ ਪ੍ਰੀਖਿਆ ਦੀ ਯੋਗਤਾ ਅਤੇ ਨੋਟੀਫ਼ਿਕੇਸ਼ਨ ਦੀ ਟਾਇਮਿੰਗ ਬਾਰੇ ਜਾਣਕਾਰੀ ਦਿੱਤੀ।

# ਸਵਰਗਵਾਸੀ ਸੰਤੋਖ ਸਿੰਘ ਸਰਪੰਚ ਦੀ ਯਾਦ ਵਿੱਚ ਕਰਵਾਇਆ ਗਿਆ ਫੁਟਬਾਲ ਟੂਰਨਾਮੈਂਟ

**ਸਮਾਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਰਗਵਾਸੀ ਸਰਪੰਚ ਸੰਤੋਖ ਸਿੰਘ ਦੀ ਯਾਦ ਨੂੰ ਸਮਰਪਿਤ ਦੋ ਰੋਜ਼ਾ ਫੁਟਬਾਲ ਟੂਰਨਾਮੈਂਟ ਬੜੀ ਧੂਮਧਾਮ ਨਾਲ ਨੇਪਰੇ ਚੜਿਆ ਇਸ ਟੂਰਨਾਮੈਂਟ ਦੇ ਵਿੱਚ ਲਗਭਗ 22 ਟੀਮਾਂ ਵੱਲੋਂ ਹਿੱਸਾ ਲਿਆ ਗਿਆ ਜਿਸ ਦਾ ਪਹਿਲਾ ਇਨਾਮ 25 ਹਜਾਰ ਰੁਪਆ ਅਤੇ ਦੂਸਰਾ ਇਨਾਮ 20ਹਜ ਰੁਪਆ ਸੀ ਇਸ ਮੌਕੇ ਮੈਂ ਨਾ ਆਫ ਦਾ ਮੈਚ ਸਾਡੇ ਪੱਤਰਕਾਰ ਸਰਬਜੀਤ ਤਲਵੰਡੀ ਦੇ ਛੋਟੇ ਲੜਕੇ ਕਮਲਦੀਪ ਸਿੰਘ ਨੂੰ ਦਿੱਤਾ ਗਿਆ ਅਤੇ ਵਧੀਆ ਸੇਵਾਵਾਂ ਲਈ ਵੀ ਸਨਮਾਨਿਤ ਕੀਤਾ ਗਿਆ ਆਈਆਂ ਟੀਮਾਂ ਨੂੰ ਚਾਹ ਪਾਣੀ ਅਤੇ ਲੰਗਰ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ।

ਇਸ ਮੌਕੇ ਟੀਮਾਂ ਵੱਲੋਂ ਵੀ ਆਪਣੇ ਕਾਫੀ ਜੌਹਰ ਦਿਖਾਏ ਗਏ ਸਰਦਾਰ ਪ੍ਰਿਤਪਾਲ ਸਿੰਘ ਜੀ ਨੇ ਦੱਸਿਆ ਕਿ ਸਾਨੂੰ ਖੇਡਾਂ ਵੱਲ ਬਧੁਰਝਾਣ ਦੇਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕੀਤਾ ਜਾ ਸਕੇ ਅਤੇ ਚੰਗੇ ਸਮਾਜ ਦੀ ਸਿਰਜਣਾ ਹੋਵੇ ਇਸ ਮੌਕੇ ਪ੍ਰਿਤਪਾਲ ਸਿੰਘ ਸਾਬਕਾ ਸਰਪੰਚ ਪ੍ਰਧਾਨ ਰਿਟਾਇਰ ਯੂਨੀਅਨ ਪੰਜਾਬ ਪੁਲਿਸ ਸੰਗਰੂਰ ਜਸਵਿੰਦਰ ਸਿੰਘ ਵਿਰਕ ਨੰਬਰਦਾਰ ਆਦੀ ਹਾਜ਼ਰ ਸਨ।

# ਕੱਚੀਆਂ ਖੂਹੀਆਂ, ਬੋਰਵੈਲ ਤੇ ਟਿਊਬਵੈਲਾਂ ਦੀ ਖੁਦਾਈ ਤੇ ਮੁਰੰਮਤ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕੱਚੀਆਂ ਖੂਹੀਆਂ ਅਤੇ ਬੋਰਵੈਲ/ਟਿਊਬਵੈਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਹਨਾਂ ਵਿੱਚ ਡਿੱਗ ਜਾਣ ਨਾਲ ਹੁੰਦੇ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਣ ਲਈ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਹੁਕਮਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਬੋਰਵੈਲ/ਟਿਊਬਵੈਲ ਦੀ ਖੁਦਾਈ/ਮੁਰੰਮਤ ਕਰਨ ਤੋਂ ਪਹਿਲਾਂ ਜ਼ਮੀਨ ਮਾਲਕ ਜ਼ਿਲ੍ਹਾ ਕੁਲੈਕਟਰ, ਸਬੰਧਤ ਸਰਪੰਚ ਗ੍ਰਾਮ ਪੰਚਾਇਤ, ਮਿਊਂਸਪਲ ਕਾਰਪੋਰੇਸ਼ਨ, ਨਗਰ ਕੌਂਸਲ, ਜਨ ਸਿਹਤ ਵਿਭਾਗ ਜਾਂ ਭੂਮੀ ਰੱਖਿਆ ਵਿਭਾਗ ਨੂੰ 15 ਦਿਨ ਪਹਿਲਾਂ ਸੂਚਿਤ ਕਰੇਗਾ ਅਤੇ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਵਾਲੀਆਂ ਸਾਰੀਆਂ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ ਏਜੰਸੀਆਂ ਦੀ ਰਜਿਸਟ੍ਰੇਸ਼ਨ ਹੋਣਾ ਲਾਜ਼ਮੀ ਹੋਵੇਗਾ। ਇਹ ਹੁਕਮ 5 ਅਪ੍ਰੈਲ 2025 ਤੱਕ ਜਾਰੀ ਰਹਿਣਗੇ ਅਤੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ਡਰਿਲਿੰਗ ਏਜੰਸੀ ਦੇ ਮਾਲਕ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਮਨਾਹੀ ਦੇ ਹੁਕਮਾਂ ਅਨੁਸਾਰ ਖੂਹ / ਬੋਰਵੈਲ ਦੇ ਪੁੱਟਣ ਜਾਂ ਮੁਰੰਮਤ ਵਾਲੀ ਥਾਂ 'ਤੇ ਡਰਿਲਿੰਗ ਏਜੰਸੀ ਅਤੇ ਖੂਹ/ਬੋਰਵੈਲ ਲਵਾਉਣ ਵਾਲੇ ਮਾਲਕ ਦੇ ਪੂਰੇ ਪਤੇ ਵਾਲਾ ਸਾਈਨ ਬੋਰਡ ਲਗਾਇਆ ਜਾਵੇ ਅਤੇ ਉਸ ਸਾਈਨ ਬੋਰਡ 'ਤੇ ਡਰਿਲਿੰਗ ਏਜੰਸੀ ਦਾ ਰਜਿਸਟ੍ਰੇਸ਼ਨ ਨੰਬਰ ਲਿਖਿਆ ਹੋਣਾ ਵੀ ਲਾਜ਼ਮੀ ਹੋਵੇਗਾ। ਬੋਰਵੈਲ ਦੇ ਆਲੇ-ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ ਬੋਲਟ ਬੰਦ ਕਰਕੇ ਢਕਣਾ ਜਰੂਰੀ ਹੋਵੇਗਾ, ਖੂਹ/ਬੋਰਵੈਲ ਦੇ ਆਲੇ ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫਾਰਮ, ਜੋ ਜ਼ਮੀਨੀ ਪੱਧਰ ਤੋਂ (0.30 ਮੀਟਰ ਉੱਪਰ ਅਤੇ 0.30 ਮੀਟਰ ਹੇਠਾਂ) ਖੂਹ ਦੇ ਆਲੇ ਦੁਆਲੇ ਉਸਾਰੀ ਕੀਤੀ ਜਾਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਖੂਹ/ਬੋਰਵੈਲ ਨੂੰ ਪੁੱਟਣ ਜਾਂ ਮੁਰੰਮਤ ਕਰਨ ਉਪਰੰਤ ਖਾਲੀ ਥਾਂ ਨੂੰ ਉਸ ਦੇ ਆਲੇ-ਦੁਆਲੇ ਮਿੱਟੀ ਪਾ ਕੇ ਪੱਧਰ ਕੀਤਾ ਜਾਵੇ, ਖਾਲੀ ਪਏ ਬੋਰਵੈਲ/ਖੂਹ ਨੂੰ ਮਿੱਟੀ/ਰੇਤ ਨਾਲ ਉਪਰ ਤੱਕ ਭਰਿਆ ਜਾਵੇ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ ਜ਼ਮੀਨੀ ਪੱਧਰ ਨੂੰ ਪਹਿਲਾਂ ਦੀ ਤਰ੍ਹਾਂ ਕੀਤਾ ਜਾਵੇ ਅਤੇ ਖੂਹ/ਬੋਰਵੈਲ ਨੂੰ ਕਿਸੇ ਵੀ ਹਾਲਤ ਵਿੱਚ ਖੁੱਲ੍ਹਾ ਨਾ ਛੱਡਿਆ ਜਾਵੇ ਅਤੇ ਨਕਾਰਾ ਪਏ ਖੂਹ ਨੂੰ ਚੀਕਨੀ ਮਿੱਟੀ, ਪੱਥਰ, ਕੰਕਰੀਟ ਆਦਿ ਨਾਲ ਤਲੇ ਤੋਂ ਲੈ ਕੇ ਉਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕੀਤਾ ਜਾਵੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਅਤੇ ਉਨ੍ਹਾਂ ਦੀ ਦੇਖਰੇਖ ਤੋਂ ਬਿਨਾਂ ਨਹੀਂ ਕਰਵਾਏਗਾ। ਪੇਂਡੂ ਇਲਾਕੇ ਵਿੱਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ ਵਿੱਚ ਜਨ ਸਿਹਤ ਵਿਭਾਗ, ਭੂਮੀ ਰੱਖਿਆ ਕਾਰਪੋਰੇਸ਼ਨ, ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਅਧਿਕਾਰੀਆਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰਾਂ ਦੀ ਰਿਪੋਰਟ ਤਿਆਰ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਖੇਤਰ ਵਿੱਚ ਕਿੰਨੇ ਬੋਰਵੈਲ/ਖੂਹ ਆਦਿ ਨਵੇਂ ਖੁਦਵਾਏ ਗਏ ਹਨ, ਕਿੰਨਿਆਂ ਦੀ ਮੁਰੰਮਤ ਕਰਵਾਈ, ਕਿੰਨੇ ਵਰਤੋਂ ਵਿੱਚ ਹਨ, ਕਿੰਨੇ ਬਿਨਾਂ ਵਰਤੋਂ ਖਾਲੀ ਹਨ ਅਤੇ ਕਿੰਨੇ ਭਰਵਾਏ ਗਏ ਹਨ। ਇਨ੍ਹਾਂ ਵਿਭਾਗਾਂ ਵੱਲੋਂ ਆਪਣੇ ਆਪਣੇ ਖੇਤਰ ਦੀ ਰਿਪੋਰਟ ਦੀ ਇੱਕ ਕਾਪੀ ਦਫਤਰੀ ਰਿਕਾਰਡ ਲਈ ਆਪਣੇ ਕੋਲ ਰੱਖੀ ਜਾਵੇਗੀ ਅਤੇ ਹਰੇਕ ਮਹੀਨੇ ਇਸ ਰਿਪੋਰਟ ਦੀ ਇੱਕ ਕਾਪੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਭੇਜਣੀ ਲਾਜ਼ਮੀ ਹੋਵੇਗੀ।

# ਆਤਮਾ ਦੇ ਪਰਿਵਰਤਨ ਦਾ ਆਧਾਰ ਸਿਰ.ਫ ਮੈਡੀਟੇਸ਼ਨ ਨਾਲ ਹੀ ਸੰਭਵ



**ਸਮਾਣਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਜਾਪਿਤਾ ਬ੍ਰਹਮਾ ਕੁਮਾਰੀਜ ਈਸ਼ਵਰੀਏ ਵਿਸ਼ਵ ਵਿੱਦਿਆਲਿਆ ਵੱਲੋਂ ਘਰ-ਘਰ ਸ਼ਿਵ ਪਿਤਾ ਪ੍ਰਮਾਤਮਾ ਦਾ ਝੰਡਾ ਲਹਿਰਾਉਣ ਦੀ ਰਸਮ ਸੇਖੋਂ ਕਲੋਨੀ ਵਿੱਚ ਸਥਿਤ ਸੁਨੀਤਾ ਭੈਣ, ਬਿੱਟੂ ਭਾਈ ਦੇ ਘਰ ਤੋਂ ਸ਼ੁਰੂਆਤ ਕੀਤੀ ਗਈ। ਬ੍ਰਹਮਾਕੁਮਾਰੀ ਮਮਤਾ ਦੀਦੀ ਨੇ ਬਿੱਟੂ ਭਾਈ ਦੇ ਘਰ ਜਾ ਕੇ ਸ਼ਿਵ ਪਿਤਾ ਪਰਮਾਤਮਾ ਦਾ ਝੰਡਾ ਲਹਿਰਾਇਆ ਅਤੇ ਪ੍ਰਮਾਤਮਾ ਦਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਸਰਬ ਆਤਮਾਵਾਂ ਦੇ ਪਿਤਾ ਪ੍ਰਮਾਤਮਾ ਸ਼ਿਵ ਨਵੀ ਦੁਨੀਆਂ ਦੀ ਸਥਾਪਨਾ ਅਤੇ ਪੁਰਾਣੀ ਦੁਨੀਆਂ ਦੇ ਪ੍ਰੀਵਰਤਨ ਕਰਨ ਲਈ ਖੁਦ ਇਸ ਧਰਤੀ ਤੇ ਆਏ ਸਨ।

ਉਨ੍ਹਾਂ ਕਿਹਾ ਕਿ ਆਤਮਾ ਦੇ ਪ੍ਰੀਵਰਤਨ ਦਾ ਆਧਾਰ ਸਿਰਫ ਮੈਡੀਟੇਸਨ ਨਾਲ ਹੀ ਸੰਭਵ ਹੈ। ਉਹਨਾਂ ਕਿਹਾ ਕਿ ਆਪਣੇ ਆਪ ਨੂੰ ਆਤਮਾ ਸਮਝ ਨਿਰਾਕਾਰ ਜੋਤੀ ਬਿੰਦੂ ਪਰਮਪਿਤਾ ਪ੍ਰਮਾਤਮਾ ਦੇ ਨਾਲ ਯੋਗ ਲਗਾਉਣ ਨਾਲ ਹੀ ਆਤਮਾ ਦਾ ਸ਼ੁੱਧੀਕਰਨ ਹੁੰਦਾ ਹੈ। ਇਸ ਮੌਕੇ ਸੀ.ਏ.ਅਸ਼ੋਕ ਗੋਇਲ, ਭਾਈ ਦੀਪਕ ਪਾਠਕ ਆਦਿ ਵੀ ਮੌਜੂਦ ਸਨ।

# .ਫ਼ੌਜ, ਨੀਮ .ਫ਼ੌਜੀ ਬਲਾਂ ਅਤੇ ਪੁਲਿਸ 'ਚ ਭਰਤੀ ਹੋਣ ਲਈ ਸਿਖਲਾਈ ਕੋਰਸ 17 ਫਰਵਰੀ ਤੋਂ

**ਪਟਿਆਲਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਵਿਰਕ (ਸੇਵਾਮੁਕਤ) ਨੇ ਦੱਸਿਆ ਕਿ ਵਿਭਾਗ ਦੇ ਪ੍ਰੀ-ਰਿਕਰੂਟਮੈਂਟ ਸੈਂਟਰ ਵਿਖੇ ਫ਼ੌਜ ਅਤੇ ਨੀਮ ਫ਼ੌਜੀ ਬਲਾਂ ਵਿਚ ਭਰਤੀ ਹੋਣ ਲਈ ਕੇਵਲ ਪੰਜਾਬ ਦੇ ਬੱਚਿਆ ਲਈ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੋਰਸ ਮਿਤੀ 17 ਫਰਵਰੀ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਮੰਤਵ ਸੈਨਾ ਵਿਚ ਸੇਵਾ ਕਰ ਰਹੇ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਬਾਕੀ ਸ਼੍ਰੇਣੀਆਂ ਦੇ ਬੱਚਿਆਂ ਨੂੰ ਫ਼ੌਜ, ਨੀਮ ਫ਼ੌਜੀ ਬਲਾਂ ਅਤੇ ਪੁਲਿਸ ਵਿੱਚ ਭਰਤੀ ਹੋਣ ਲਈ ਯੋਗ ਬਣਾਉਣਾ ਹੈ। ਇਹ ਕੋਰਸ 45 ਦਿਨ ਦਾ ਹੋਵੇਗਾ। ਜਿਸ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਤੌਰ 'ਤੇ ਭਰਤੀ ਹੋਣ ਲਈ ਲੋੜੀਂਦੇ ਮਿਆਰ ਲਈ ਤਿਆਰ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਲਿਖਤੀ ਇਮਤਿਹਾਨ ਦੀ ਤਿਆਰੀ ਵੀ ਕਰਵਾਈ ਜਾਵੇਗੀ। ਫ਼ੌਜ ਵਿੱਚ ਸਿਪਾਹੀ ਦੀ ਭਰਤੀ ਲਈ ਉਮੀਦਵਾਰ ਦੀ ਉਮਰ ਸਾਢੇ 17 ਤੋਂ 21 ਸਾਲ, ਕੱਦ 170 ਸੈਂਟੀਮੀਟਰ, ਛਾਤੀ 77 ਤੋਂ 82 ਸੈਂਟੀਮੀਟਰ ਅਤੇ ਵਜ਼ਨ 50 ਕਿੱਲੋ ਹੋਣਾ ਚਾਹੀਦਾ ਹੈ ਅਤੇ ਉਮੀਦਵਾਰ ਦਸਵੀਂ ਕਲਾਸ ਵਿੱਚ ਕੁੱਲ 45 ਫ਼ੀਸਦੀ ਅਤੇ ਹਰੇਕ ਵਿਸ਼ੇ ਵਿੱਚ 33 ਫ਼ੀਸਦੀ ਨੰਬਰਾਂ ਨਾਲ ਪਾਸ ਹੋਣ ਜ਼ਰੂਰੀ ਹੈ। ਕਲਰਕ/ਐਸ.ਕੇ.ਟੀ ਦੀ ਭਰਤੀ ਲਈ ਉਮੀਦਵਾਰਾਂ ਦੀ ਉਮਰ ਸਾਢੇ 17 ਤੋਂ 21 ਸਾਲ ਦੇ ਵਿਚਕਾਰ ਅਤੇ ਕੱਦ ਘੱਟੋ ਘੱਟ 162 ਸੈਂਟੀਮੀਟਰ ਹੋਣਾ ਜ਼ਰੂਰੀ ਹੈ। ਅੰਗਰੇਜ਼ੀ ਅਤੇ ਗਣਿਤ/ਅਕਾਊਂਟਿੰਗ/ਬੁੱਕ ਕੀਪਿੰਗ ਵਿਸ਼ਿਆਂ ਵਿਚ 50 ਫ਼ੀਸਦੀ ਨੰਬਰਾਂ ਨਾਲ ਪਾਸ ਹੋਣਾ ਜ਼ਰੂਰੀ ਹੈ। ਚਾਹਵਾਨ ਉਮੀਦਵਾਰ ਆਪਣੇ ਪੜ੍ਹਾਈ ਦੇ ਸਰਟੀਫਿਕੇਟ, ਪਾਸਪੋਰਟ ਸਾਈਜ਼ ਫ਼ੋਟੋ, ਡਿਸਚਾਰਜ ਬੁੱਕ (ਕੇਵਲ ਸਾਬਕਾ ਸੈਨਿਕਾਂ ਦੇ ਬੱਚਿਆਂ ਲਈ) ਅਤੇ ਐਸ.ਸੀ ਜਾਤੀ ਦੇ ਉਮੀਦਵਾਰ ਆਪਣਾ ਜਾਤੀ ਦਾ ਸਰਟੀਫਿਕੇਟ ਨਾਲ ਲੈ ਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਪਟਿਆਲਾ, ਨੇੜੇ ਰੇਲਵੇ ਸਟੇਸ਼ਨ, ਵਿਖੇ ਆਪਣੇ ਨਾਮ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਉਹਨਾਂ ਨੇ ਇਹ ਵੀ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਉਮੀਦਵਾਰ ਹੀ ਇਸ ਟ੍ਰੇਨਿੰਗ ਵਿਚ ਸ਼ਾਮਲ ਹੋ ਸਕਦੇ ਹਨ। ਪ੍ਰੀ-ਰਿਕਰੂਟਮੈਂਟ ਸੈਂਟਰ ਸਿਖਲਾਈ ਲਈ ਇੱਕ ਆਲ ਵੈਦਰ ਟਰੈਕ ਅਤ ਟ੍ਰੇਨਿੰਗ ਦੇ ਜ਼ਰੂਰੀ ਸਾਜੋ ਸਮਾਨ ਉਪਲਬਧ ਹਨ। ਵਧੇਰੇ ਜਾਣਕਾਰੀ ਲਈ ਫ਼ੋਨ ਨੰ.0175-2361188, 7888343525 ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰ ਸਕਦੇ ਹਨ।

## ਵਾਹਨਾਂ ਦੀਆਂ ਨੰਬਰ ਪਲੇਟਾਂ ਨੂੰ ਲੈ ਕੇ ਆਈ ਵੱਡੀ ਖ਼ਬਰ, ਨਵੇਂ ਹੁਕਮ ਹੋ ਗਏ ਜਾਰੀ

ਏਜੰਸੀਆਂ

ਮਾਨਸਾ 11 ਫਰਵਰੀ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨਿਰਮਲ ਓਸੇਪਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ-163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀ ਹਦੂਦ ਅੰਦਰ ਜੋ ਵੀ ਦੁਕਾਨਦਾਰ ਵਹੀਕਲਾਂ ਦੀਆਂ ਨੰਬਰ ਪਲੇਟਾਂ ਤਿਆਰ



ਕਰਦੇ ਜਾਂ ਬਣਾਉਂਦੇ ਹਨ, ਲਈ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਸ਼ਰਾਰਤੀ ਅਨਸਰ ਨੰਬਰ ਪਲੇਟਾਂ ਬਣਾਉਣ ਵਾਲੀਆਂ ਦੁਕਾਨਾਂ ਤੋਂ ਬੜੀ ਆਸਾਨੀ ਨਾਲ ਵਹੀਕਲਾਂ ਦੀਆਂ ਜਾਅਲੀ ਨੰਬਰ ਪਲੇਟਾਂ ਬਣਾ ਲੈਂਦੇ ਹਨ ਅਤੇ ਬਾਅਦ ਵਿੱਚ ਕਿਸੇ ਵਾਰਦਾਤ ਨੂੰ ਅੰਜਾਮ ਦਿੰਦੇ ਹਨ, ਜਿਸ ਕਾਰਨ ਵਾਰਦਾਤ 'ਚ ਵਰਤੇ ਗਏ ਵਹੀਕਲਾਂ ਨੂੰ ਟਰੇਸ ਕਰਨ 'ਚ ਕਾਫ਼ੀ ਦਿੱਕਤ ਪੇਸ਼ ਆਉਂਦੀ ਹੈ। ਉਨ੍ਹਾਂ ਕਿਹਾ ਕਿ ਨੰਬਰ ਪਲੇਟ ਬਣਾਉਣ ਵਾਲੀਆਂ ਦੁਕਾਨਾਂ ਕਿਸੇ ਵੀ ਵਿਅਕਤੀ ਨੂੰ ਬਿਨ੍ਹਾਂ ਵਹੀਕਲ ਤੋਂ ਨੰਬਰ ਪਲੇਟ ਬਣਾ ਕੇ ਨਾ ਦੇਣ ਅਤੇ ਨੰਬਰ ਪਲੇਟ ਸਿਰਫ਼ ਵਾਹਨ 'ਤੇ ਲਗਾ ਕੇ ਹੀ ਦਿੱਤੀ ਜਾਵੇ। ਉਨ੍ਹਾਂ ਹੁਕਮ 'ਚ ਕਿਹਾ ਕਿ ਵਾਹਨਾਂ ਦੀਆਂ ਨੰਬਰ ਪਲੇਟਾਂ ਬਣਾਉਣ ਵਾਲੀਆਂ ਦੁਕਾਨਾਂ 'ਤੇ ਇੱਕ ਰਜਿਸਟਰ ਲਗਾਇਆ ਜਾਵੇ, ਜਿਸ 'ਚ ਨੰਬਰ ਪਲੇਟ ਬਣਾਉਣ ਵਾਲੇ ਵਿਅਕਤੀ ਦਾ ਨਾਂ ਸਮੇਤ ਪੂਰਾ ਪਤਾ ਅਤੇ ਉਸ ਦਾ ਸ਼ਨਾਖ਼ਤੀ ਪਰੂਫ਼ ਨਾਲ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਾਹਨਾਂ ਦਾ ਨੰਬਰ, ਚੈਸੀ ਨੰਬਰ, ਇੰਜਣ ਨੰਬਰ ਵੀ ਰਜਿਸਟਰ 'ਚ ਦਰਜ ਕਰਕੇ ਉਸ ਵਿਅਕਤੀ ਦੇ ਦਸਤਖ਼ਤ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਵਾਹਨਾਂ ਦੀਆਂ ਨੰਬਰ ਪਲੇਟਾਂ ਬਣਾਉਣ ਵਾਲੀਆਂ ਦੁਕਾਨਾਂ 'ਤੇ ਦੁਕਾਨਦਾਰਾਂ ਵੱਲੋਂ ਸੀ. ਸੀ. ਟੀ.ਵੀ. ਕੈਮਰੇ ਲਗਵਾਏ ਜਾਣ, ਤਾਂ ਜੋ ਇਹ ਕੈਮਰੇ ਗੱਡੀ ਅਤੇ ਨੰਬਰ ਪਲੇਟ ਲਗਾਉਣ ਆਏ ਵਿਅਕਤੀ ਨੂੰ ਕਵਰ ਕਰਦੇ ਹੋਣ। ਇਹ ਹੁਕਮ 31 ਮਾਰਚ 2025 ਤੱਕ ਲਾਗੂ ਰਹੇਗਾ। ਹਿੰਸਾ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਭਾਸ਼ਣਾਂ 'ਤੇ ਮੁਕੰਮਲ ਰੋਕ ਦੇ ਹੁਕਮ ਵਧੀਕ ਜ਼ਿਲ੍ਹਾ ਮੈਜਿਸਟਰੇਟ ਨਿਰਮਲ ਓਸੇਪਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਸਰਕਾਰੀ ਅਤੇ ਗੈਰ ਸਰਕਾਰੀ ਬੱਸਾਂ, ਮੈਰਿਜ ਪੈਲੇਸਾਂ, ਸ਼ਹਿਰਾਂ, ਪਿੰਡਾਂ 'ਚ ਗਾਇਕਾਂ, ਗੀਤਕਾਰਾਂ ਅਤੇ ਬੁਲਾਰਿਆਂ ਵੱਲੋਂ ਲਗਾਏ ਜਾਣ ਵਾਲੇ ਅਖਾੜੇ ਜਾਂ ਸਟੇਜਾਂ 'ਤੇ ਹਿੰਸਾ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਭਾਸ਼ਣਾ 'ਤੇ ਮੁਕੰਮਲ ਪਾਬੰਦੀ ਲਗਾਈ ਹੈ। ਹੁਕਮ 'ਚ ਕਿਹਾ ਗਿਆ ਹੈ ਕਿ ਸਰਕਾਰੀ ਅਤੇ ਗੈਰ ਸਰਕਾਰੀ ਬੱਸਾਂ, ਮੈਰਿਜ ਪੈਲੇਸਾਂ, ਸ਼ਹਿਰਾਂ, ਪਿੰਡਾਂ ਵਿੱਚ ਗਾਇਕਾਂ, ਗੀਤਕਾਰਾਂ ਅਤੇ ਬੁਲਾਰਿਆਂ ਵੱਲੋਂ ਲਗਾਏ ਜਾਣ ਵਾਲੇ ਅਖਾੜੇ ਜਾਂ ਸਟੇਜਾਂ 'ਤੇ ਅਕਸਰ ਹਿੰਸਾ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤ ਗਾਏ ਜਾਂਦੇ ਹਨ।

## 'ਜੋ ਬੋਲੇ ਸੋ ਨਿਰਭੈ' ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ ਦੇ ਜੈਕਾਰਿਆਂ ਨਾਲ ਗੂੰਜਿਆ ਫਗਵਾੜਾ

ਸਰਦੂਲ ਸਿੰਘ

ਫਗਵਾੜਾ 13 ਫਰਵਰੀ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਦਾ ਅਰੰਭ ਇਤਿਹਾਸਕ ਅਸਥਾਨ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਫਗਵਾੜਾ ਤੋਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਹੋਇਆ। ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਵੱਲੋਂ ਥਾਂ-ਥਾਂ 'ਤੇ ਫੁੱਲਾਂ ਦੀ ਵਰਖਾ ਕਰਕੇ ਪਾਲਕੀ ਸਾਹਿਬ ਜੀ ਦਾ ਭਰਵਾਂ ਸਵਾਗਤ ਕੀਤਾ ਗਿਆ। ਸੰਗਤਾਂ ਨੂੰ ਸੇਵਾਦਾਰਾਂ ਵੱਲੋਂ ਲੱਡੂ ਅਤੇ ਫਰੂਟ ਆਦਿ ਲੰਗਰ ਵਰਤਾਏ ਗਏ। ਇਸ ਮੌਕੇ ਸੰਤਾਂ ਮਹਾਂਪੁਰਸ਼ਾਂ, ਵੱਖ ਪਾਰਟੀਆਂ ਦੇ ਆਗੂ ਸਹਿਬਾਨਾਂ, ਸਮਾਜ ਸੇਵੀਆ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਸ਼ਮੂਲੀਅਤ ਅਤੇ ਸਹਿਯੋਗ ਕਰਨ ਵਾਲਿਆਂ ਦਾ ਸ਼੍ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਜਿ ਪੰਜਾਬ ਜੀ. ਟੀ. ਰੋਡ ਚੱਕ ਹਕੀਮ ਦੇ ਪ੍ਰਧਾਨ ਦਵਿੰਦਰ ਕੁਲਥਮ, ਕਿਸ਼ਨ ਦਾਸ ਛਿੰਦੀ, ਯਸ਼ ਬਰਨਾ, ਬਲਦੇਵ ਰਾਜ ਕੋਮਲ, ਅਸ਼ੋਕ ਭਾਟੀਆ, ਗੁਰਦਿਆਲ ਸੋਢੀ, ਸੀਟੂ ਬਾਈ ਅਤੇ ਮਕਬੂਲ ਆਦਿ ਸਮੂਹ ਪ੍ਰਬੰਧਕਾਂ ਵੱਲੋਂ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਬਹੁਤ ਸੁੰਦਰ ਝਾਕੀਆਂ ਵਿਸ਼ਾਲ ਸ਼ੋਭਾ ਯਾਤਰਾ ਦੀ ਸ਼ੋਭਾ ਨੂੰ ਵਧਾਉਣ ਵਿੱਚ ਆਪਣਾ ਯੋਗਦਾਨ ਪਾ ਰਹੀ ਜੋ ਬਹੁਤ ਖਿੱਚ ਦਾ ਕੇਂਦਰ ਰਹੀਆਂ। ਮਿਸ਼ਨਰੀ ਕਲਾਕਾਰਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ। ਬੈਂਡ ਦੀਆਂ ਧੁਨਾ ਨੇ ਸਭਨੂੰ ਮੰਤਰਮੁਗਧ ਕਰ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾ ਨੇ ਸ਼ੋਭਾ ਯਾਤਰਾ ਵਿਚ ਸ਼ਿਰਕਤ ਕਰਕੇ



ਪਾਲਕੀ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪੰਜਾਬ ਕੇਸਰੀ ਗਰੁਪ ਦੇ ਚੀਫ਼ ਬਿਊਰੋ ਵਿਕਰਮ ਜਲੋਟਾ (ਮੁੱਖ ਸੇਵਾਦਾਰ ਸ਼੍ਰੀ ਸਿੱਧ ਬਾਬਾ ਬਾਲਕ ਨਾਥ ਮੰਦਿਰ ਕਮੇਟੀ ਕਟਿਹਰਾ ਚੌਂਕ ਫਗਵਾੜਾ),ਰਾਜਕੁਮਾਰ ਜਲੋਟਾ (ਚੇਅਰਮੈਨ),ਬਾਲ ਕ੍ਰਿਸ਼ਨ ਵਧਵਾ, ਰਾਜੇਸ਼ ਕਾਲੀਆ, ਦਵਿੰਦਰ ਕੁਲਥਮ (ਪ੍ਰਧਾਨ), ਮੋਹਨ ਲਾਲ ਕੁਲਥਮ, ਅਸ਼ੋਕ ਕੁਲਥਮ, ਲਲਿਤ ਕੁਲਥਮ ਅਤੇ ਕੁਲਥਮ ਪਰਿਵਾਰ ਦੇ ਪਤਵੰਤੇ, ਨਗਰ ਨਿਗਮ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ,ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ,ਡਿਪਟੀ ਮੇਅਰ ਵਿੱਕੀ ਸੂਦ, ਆਪ ਪੰਜਾਬ ਦੇ ਬੁਲਾਰੇ ਹਰਜੀ ਮਾਨ,ਆਪ ਹਲਕਾ ਫਗਵਾੜਾ ਦੇ ਇੰਚਾਰਜ ਸਰਦਾਰ ਜੋਗਿੰਦਰ ਸਿੰਘ ਮਾਨ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ,ਰਾਕੇਸ਼ ਦੁੱਗਲ,ਪੰਕਜ ਚਾਵਲਾ,ਕ੍ਰਿਸ਼ਨ ਕੁਮਾਰ ਹੀਰੋ,ਜਰਨੈਲ ਨੰਗਲ,ਸੰਤੋਸ਼ ਕੁਮਾਰ ਗੋਗੀ, ਦਲਜੀਤ ਰਾਜੂ ਦਰਵੇਸ਼ ਪਿੰਡ, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ,ਸੰਜੀਵ ਬੁੱਗਾ,ਤਜਿੰਦਰ ਬਾਵਾ,ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ, ਡੀ. ਐੱਸ. ਪੀ. ਫਗਵਾੜਾ ਭਾਰਤ ਭੂਸ਼ਣ,ਥਾਣਾ ਸਿਟੀ ਫਗਵਾੜਾ ਦੇ ਐੱਸ. ਐੱਚ. ਓ. ਅਮਨਦੀਪ ਕੁਮਾਰ, ਟਰੈਫਿਕ ਪੁਲਸ ਫਗਵਾੜਾ ਦੇ ਇੰਚਾਰਜ ਅਮਨ ਕੁਮਾਰ, ਸ਼ਿਅਦ (ਬ) ਦੇ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ, ਜੱਥੇਦਾਰ ਅਵਤਾਰ ਸਿੰਘ ਭੁੰਗਰਣੀ, ਠੇਕੇਦਾਰ ਬਲਜਿੰਦਰ ਸਿੰਘ,ਰਾਜਨ ਸ਼ਰਮਾ,ਸ਼ਿਵ ਸੇਨਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਪਲਟਾ, ਇੰਦਰਜੀਤ ਕਰਵਲ, ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਐਡਵੋਕੇਟ ਸ਼ਰਧਾ ਰਾਮ, ਮੈਂਬਰ ਕਮਲਜੀਤ ਬੰਗਾ, ਠੇਕੇਦਾਰ ਗੁਰਬਚਨ ਰਾਮ, ਅਸ਼ੋਕ ਸੱਲਣ, ਪ੍ਰਮਾਨੰਦ ਲਾਂਜੀ, ਅਜੇ ਕੁਮਾਰ ਟੂਰਾ, ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਦੇਸ ਰਾਜ ਡੇਰਾ ਗੋਬਿੰਦਪੁਰਾ, ਸੰਤ ਜਸਵਿੰਦਰ ਪਾਲ ਡੇਰਾ ਪੰਡਵਾਂ, ਯਸ਼ ਬਰਨਾ, ਐਡਵੋਕੇਟ ਕੁਲਦੀਪ ਭੱਟੀ, ਸੁਰਿੰਦਰ ਢੰਡਾ, ਬਲਵੀਰ ਸਿੰਘ ਬੈਂਸ ਆਦਿ ਤੋਂ ਇਲਾਵਾ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਜੂਏ 'ਚ ਪਤਨੀ ਹਾਰ ਗਿਆ ਸ਼ਖਸ ! ਸਾਰੀ ਰਾਤ ਬਿਨਾਂ ਕੱਪੜਿਆਂ ਦੇ ਰੱਖਿਆ ਤੇ ਫਿਰ

ਵੈੱਬ ਡੈਸਕ 13 ਫਰਵਰੀ। ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਤੋਂ ਪਤੀ-ਪਤਨੀ ਦੇ ਰਿਸ਼ਤੇ ਨੂੰ ਸ਼ਰਮਸਾਰ ਕਰਨ ਵਾਲਾ ਇੱਕ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਇੱਕ ਜੁਆਰੀ ਪਤੀ ਨੇ ਆਪਣੀ ਪਤਨੀ ਨੂੰ ਜੂਆ 'ਚ ਹਾਰ ਗਿਆ। ਇੰਨਾ ਹੀ ਨਹੀਂ, ਜੂਏ ਵਿੱਚ ਹਾਰਨ ਤੋਂ ਬਾਅਦ ਪਤੀ ਨੇ ਆਪਣੀ ਪਤਨੀ ਤੋਂ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਜਦੋਂ ਪਤਨੀ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸਨੇ ਉਸਨੂੰ ਬੁਰੀ ਤਰ੍ਹਾਂ



ਕੁੱਟਿਆ। ਔਰਤ ਦੇ ਗੁਪਤ ਅੰਗਾਂ ਵਿੱਚ ਗੰਭੀਰ ਸੱਟਾਂ ਲੱਗੀਆਂ ਹਨ। ਔਰਤ ਨੇ ਪੁਲਸ ਕੋਲ ਜਾ ਕੇ ਆਪਣੇ ਪਤੀ ਵਿਰੁੱਧ ਐੱਫਆਈਆਰ ਦਰਜ ਕਰਵਾਈ। ਤੁਹਾਨੂੰ ਦੱਸ ਦੇਈਏ ਕਿ ਇਹ ਮਾਮਲਾ ਐੱਮਪੀ ਜ਼ਿਲ੍ਹੇ ਦੇ ਗੁਲਗੰਜ ਥਾਣਾ ਖੇਤਰ ਦਾ ਹੈ। ਪਤੀ ਦੀ ਕੁੱਟਮਾਰ ਤੋਂ ਜ਼ਖਮੀ ਹੋਣ ਤੋਂ ਬਾਅਦ, ਪੀੜਤ ਔਰਤ ਨੇ ਪੁਲਸ ਕੋਲ ਪਹੁੰਚ ਕੀਤੀ ਅਤੇ ਸ਼ਿਕਾਇਤ ਦਰਜ ਕਰਵਾਈ। ਔਰਤ ਨੇ ਦੱਸਿਆ ਕਿ ਉਹ ਬਾਉਕਨਾ ਪਿੰਡ ਦੀ ਰਹਿਣ ਵਾਲੀ ਹੈ। ਔਰਤ ਨੇ ਦੱਸਿਆ ਕਿ ਉਸਦਾ ਪਤੀ ਜੂਏ ਦਾ ਆਦੀ ਹੈ। ਇਸ ਵਾਰ, ਉਸਦੇ ਪਤੀ ਨੇ ਉਸਨੂੰ ਜੂਆ ਖੇਡਿਆ ਅਤੇ ਹਾਰ ਗਿਆ। ਜੂਏ ਵਿੱਚ ਹਾਰਨ ਤੋਂ ਬਾਅਦ, ਉਹ ਘਰ ਆਇਆ ਅਤੇ ਰਸ਼ਮੀ ਨੂੰ ਕਿਹਾ ਕਿ ਜੇਕਰ ਉਹ ਉਸਦੇ ਨਾਲ ਰਹਿਣਾ ਚਾਹੁੰਦੀ ਹੈ ਤਾਂ ਉਸਨੂੰ ਉਸਨੂੰ ਪੈਸੇ ਦੇਣੇ ਪੈਣਗੇ। ਜਦੋਂ ਪਤਨੀ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸਦੇ ਪਤੀ, ਸਹੁਰੇ ਅਤੇ ਸਹੁਰੇ ਪੱਖ ਦੇ ਹੋਰ ਲੋਕਾਂ ਨੇ ਉਸਨੂੰ ਸਾਰੀ ਰਾਤ ਬਿਨਾਂ ਕੱਪੜਿਆਂ ਰੱਖਿਆ ਤੇ ਕੁੱਟਿਆ। ਕੁੱਟਮਾਰ ਦੌਰਾਨ ਉਸ ਦੇ ਗੁਪਤ ਅੰਗਾਂ 'ਚ ਗੰਭੀਰ ਸੱਟਾਂ ਲੱਗੀਆਂ। ਔਰਤ ਦੇ ਦੋਸ਼ਾਂ ਦੇ ਆਧਾਰ 'ਤੇ ਪੁਲਸ ਨੇ ਉਸਦੇ ਪਤੀ ਸਮੇਤ ਤਿੰਨ ਲੋਕਾਂ ਵਿਰੁੱਧ ਕੁੱਟਮਾਰ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਫਿਲਹਾਲ ਪੁਲਸ ਅਗਲੇਰੀ ਜਾਂਚ 'ਚ ਰੁੱਝੀ ਹੋਈ ਹੈ।

## ਸੰਸਦ 'ਚ ਗਰਜੇ ਰਾਜਾ ਵੜਿੰਗ, ਪੇਸ਼ ਕੀਤੇ ਬਜਟ 'ਤੇ ਘੇਰ ਲਈ ਕੇਂਦਰ ਸਰਕਾਰ

ਕਿਸ਼ਨ ਪਾਲ

ਲੁਧਿਆਣਾ 11 ਫਰਵਰੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਮਵਾਰ ਨੂੰ ਸੰਸਦ 'ਚ ਕੇਂਦਰੀ ਬਜਟ 'ਤੇ ਚਰਚਾ ਦੌਰਾਨ ਇਸ ਤਰ੍ਹਾਂ ਦਾ ਬਜਟ ਪੇਸ਼ ਕਰਨ ਲਈ ਭਾਜਪਾ ਸਰਕਾਰ ਦੀ ਅਲੋਚਨਾ ਕੀਤੀ, ਜੋ ਆਮ ਆਦਮੀ, ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦਾ ਹੈ। ਰਾਜਾ ਵੜਿੰਗ ਨੇ ਵਰਤਮਾਨ ਸੈਸ਼ਨ ਦੌਰਾਨ ਤਰਜੀਹਾਂ 'ਚ ਭਾਰੀ ਅਸਮਾਨਤਾ ਦਾ ਜ਼ਿਕਰ ਕਰਦਿਆਂ ਕਿਹਾ, ਕੇਂਦਰੀ ਬਜਟ, ਜਿਸ ਨੇ ਕਦੇ ਕਿਸਾਨਾਂ, ਮਜ਼ਦੂਰਾਂ ਅਤੇ ਗਰੀਬਾਂ ਨੂੰ ਉੱਚਾ ਚੁੱਕਿਆ ਸੀ, ਹੁਣ ਭਾਜਪਾ ਅਤੇ ਉਸ ਦੇ ਨੇਤਾਵਾਂ ਦੇ ਸਵਾਰਥਾਂ ਦੀ ਪੂਰਤੀ ਦਾ ਇਕ ਸਾਧਨ ਬਣ ਗਿਆ ਹੈ। ਉਨ੍ਹਾਂ ਨੇ ਦੇਸ਼ ਦੀ ਖਾਦ ਸੁਰੱਖਿਆ ਦੀ ਰੀੜ੍ਹ ਮੰਨੇ ਜਾਂਦੇ ਪੰਜਾਬ ਨੂੰ ਦਰ ਕਿਨਾਰ ਕਰਨ ਲਈ ਸਰਕਾਰ ਦੀ ਅਲੋਚਨਾ ਕੀਤੀ ਅਤੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਕੀਤੀ ਪਰ ਇਸ ਦੇ ਬਦਲੇ ਉਨ੍ਹਾਂ ਨੂੰ ਗੋਲੀਆਂ ਮਿਲੀਆਂ। ਭਾਜਪਾ ਸ਼ਾਸ਼ਨ ਦੌਰਾਨ ਚਿੰਤਾਜਨਕ ਆਰਥਿਕ ਮੰਦੀ 'ਤੇ ਪ੍ਰਕਾਸ਼ ਪਾਉਂਦੇ ਵੜਿੰਗ



ਕਿਹਾ ਕਿ ਸਵ. ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ, ਭਾਰਤ ਦੀ ਔਸਤ ਜੀ.ਡੀ.ਪੀ. ਵਾਧਾ ਦਰ 8.5 ਟਨ ਸੀ। ਹੁਣ ਅਸੀਂ ਹੇਠਲੇ ਪੱਧਰ ਤੋਂ ਵੀ ਹੇਠਾਂ ਜਾ ਰਹੇ ਹਾਂ, ਜਦਕਿ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਕਾਬੂ ਤੋਂ ਬਾਹਰ ਹੋ ਰਹੀਆਂ ਹਨ। ਡੀ.ਏ.ਪੀ. ਖਾਦ 450 ਰੁਪਏ ਤੋਂ ਵਧ ਕੇ 1400 ਰੁਪਏ ਪ੍ਰਤੀ ਬੈਗ, ਸਟੀਲ ਦੀ ਕੀਮਤ 2800 ਰੁਪਏ ਤੋਂ ਵਧ ਕੇ 7000, ਡੀਜ਼ਲ ਦੀ ਕੀਮਤ 51 ਰੁਪਏ ਤੋਂ ਵਧ ਕੇ 90 ਰੁਪਏ ਅਤੇ ਗੈਸ ਸਿਲੰਡਰ ਦੀ ਕੀਮਤ 350 ਰੁਪਏ ਤੋਂ ਵਧ ਕੇ 1100 ਰੁਪਏ ਹੋ ਗਈ ਹੈ। ਕੀ ਇਹ ਉਹੀ ਵਿਕਾਸ ਹੈ, ਜਿਸ ਦਾ ਵਾਅਦਾ ਬੀ.ਜੇ.ਪੀ. ਨੇ ਕੀਤਾ ਸੀ। ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ, ਲੁਧਿਆਣਾ ਦੇ 1.5 ਲੱਖ ਲੋਕ ਸਟੀਲ ਦੀਆਂ ਉੱਚੀਆਂ ਕੀਮਤਾਂ ਅਤੇ ਸਰਕਾਰ ਦੇ 25 ਫੀਸਦੀ ਸਟੀਲ ਸੇਫਗਾਰਡ ਇੰਪੋਰਟ ਡਿਊਟੀ ਕਾਰਨ ਦੁਖੀ ਹਨ। ਇਹ ਇਕ ਅਜਿਹਾ ਕਦਮ ਹੈ, ਜੋ ਸਾਈਕਲ ਅਤੇ ਸਿਲਾਈ ਮਸ਼ੀਨ ਵਰਗੇ ਉਦਯੋਗਾਂ ਨੂੰ ਤਬਾਹ ਕਰ ਦੇਵੇਗਾ, ਜੋ ਕਿ ਆਯਾਤ ਕੀਤੇ ਸਟੀਲ 'ਤੇ ਨਿਰਭਰ ਹਨ, ਤਾਂ ਜੋ ਭਾਜਪਾ ਦੇ ਕੁਝ ਨਜ਼ਦੀਕੀ ਸਹਿਯੋਗੀਆਂ ਨੂੰ ਫਾਇਦਾ ਪਹੁੰਚਾਇਆ ਜਾ ਸਕੇ।

## ਸਰਕਾਰੀ ਮੁਲਾਜ਼ਮਾਂ ਨੂੰ ਵੱਡਾ ਤੋਹਫਾ, ਸਰਕਾਰ ਨੇ ਮਹਿੰਗਾਈ ਭੱਤੇ 'ਚ ਕੀਤਾ ਭਾਰੀ ਵਾਧਾ

ਨਵੀਂ ਦਿੱਲੀ 13 ਫਰਵਰੀ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 2026 ਤੋਂ ਪਹਿਲਾਂ, ਮਮਤਾ ਬੈਨਰਜੀ ਦੀ ਸਰਕਾਰ ਨੇ ਬੁੱਧਵਾਰ ਨੂੰ ਵਿਧਾਨ ਸਭਾ ਵਿੱਚ ਸੂਬੇ ਦਾ ਬਜਟ ਪੇਸ਼ ਕੀਤਾ। ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਦੇ ਹੋਏ, ਵਿੱਤ ਰਾਜ ਮੰਤਰੀ ਚੰਦਰੀਮਾ ਭੱਟਾਚਾਰੀਆ ਨੇ ਬੁੱਧਵਾਰ ਨੂੰ ਸਰਕਾਰੀ ਕਰਮਚਾਰੀਆਂ ਲਈ 4% ਮਹਿੰਗਾਈ ਭੱਤਾ (41) ਦਾ ਐਲਾਨ ਕੀਤਾ। ਇਹ ਵਾਧਾ 1 ਅਪ੍ਰੈਲ 2025 ਤੋਂ ਲਾਗੂ ਹੋਵੇਗਾ, ਜਿਸ ਦਾ ਸਿੱਧਾ ਲਾਭ ਲੱਖਾਂ ਸਰਕਾਰੀ ਕਰਮਚਾਰੀਆਂ ਨੂੰ ਹੋਵੇਗਾ। ਸੂਬਾ ਸਰਕਾਰ ਦੇ ਮੁਲਾਜ਼ਮਾਂ ਦਾ ਇੱਕ ਵੱਡਾ ਵਰਗ ਮਹਿੰਗਾਈ ਭੱਤੇ ਨੂੰ ਲੈ ਕੇ ਵਾਰ-ਵਾਰ ਵਿਰੋਧ ਪ੍ਰਦਰਸ਼ਨ ਕਰ ਰਿਹਾ ਸੀ। ਕਾਫੀ ਦੇਰ ਤੱਕ ਗਲੀਆਂ ਵਿੱਚ ਰੋਸ



ਪ੍ਰਦਰਸ਼ਨ ਚੱਲ ਰਹੇ ਸਨ। ਆਰਥਿਕ ਵਿਸ਼ਲੇਸ਼ਕ ਅੰਦਾਜ਼ਾ ਲਗਾ ਰਹੇ ਸਨ ਕਿ 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਖਰੀ ਬਜਟ ਵਿੱਚ ਡੀਏ ਵਿੱਚ ਵਾਧਾ ਕੀਤਾ ਜਾਵੇਗਾ। ਹਾਲਾਂਕਿ ਮਮਤਾ ਬੈਨਰਜੀ ਦੀ ਸਰਕਾਰ ਨੇ ਬੁੱਧਵਾਰ ਨੂੰ ਹੀ ਬਜਟ 'ਚ ਡੀਏ ਵਧਾਉਣ ਦਾ ਪ੍ਰਸਤਾਵ ਰੱਖਿਆ ਸੀ। 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਮਤਾ ਸਰਕਾਰ ਦਾ ਆਖਰੀ ਪੂਰਾ ਬਜਟ ਇਸ ਸਾਲ ਦਾ ਬਜਟ 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਸਰਕਾਰ ਦਾ ਆਖਰੀ 'ਪੂਰਾ ਬਜਟ' ਹੈ। ਭਾਵੇਂ ਬਜਟ ਵਿੱਚ ਲਕਸ਼ਮੀ ਭੰਡਾਰ ਦੀ ਰਾਸ਼ੀ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ, ਪਰ ਘਾਟਲ ਮਾਸਟਰ ਪਲਾਨ ਲਈ 500 ਕਰੋੜ ਰੁਪਏ ਰੱਖੇ ਗਏ ਹਨ। ਇਹ ਪ੍ਰੋਜੈਕਟ ਅਗਲੇ ਦੋ ਸਾਲਾਂ ਵਿੱਚ ਪੂਰਾ ਹੋ ਜਾਵੇਗਾ।

## ਤਲਾਕ ਦੇ ਅਗਲੇ ਹੀ ਦਿਨ ਔਰਤ ਨੇ ਹੈਵਾਨੀਅਤ ਦੀਆਂ ਹੱਦਾਂ ਕੀਤੀਆਂ ਪਾਰ

ਜ਼ੀਰਕਪੁਰ 13 ਫਰਵਰੀ। ਜ਼ੀਰਕਪੁਰ ਵਿਖੇ ਵਾਪਰੀ ਇਕ ਘਟਨਾ ਨੇ ਮਾਂ-ਧੀ ਦੇ ਰਿਸ਼ਤੇ ਨੂੰ ਸ਼ਰਮਸਾਰ ਕਰ ਕੇ ਰੱਖ ਦਿੱਤਾ ਹੈ। ਇਕ ਔਰਤ ਨੇ ਮਾਂ ਦੀ ਮਮਤਾ ਬਾਰੇ ਇਕ ਵਾਰ ਵੀ ਨਾ ਸੋਚਦਿਆਂ ਆਪਣੇ ਪਿਆਰ ਨੂੰ ਅੱਗੇ ਵਧਾਉਣ ਲਈ ਆਪਣੀ ਧੀ ਦੀ ਬਲੀ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਦੱਸ ਦੇਈਏ ਕਿ ਜ਼ੀਰਕਪੁਰ 'ਚ ਇਕ ਔਰਤ, ਜੋ ਕਿ ਨਗਰ ਕੌਂਸਲ 'ਚ ਜੂਨੀਅਰ ਸਹਾਇਕ ਦੇ ਅਹੁਦੇ 'ਤੇ ਤਾਇਨਾਤ ਹੈ, ਨੇ ਆਪਣੀ 7 ਸਾਲਾ ਧੀ ਨੂੰ ਜਾਨੋਂ ਮਾਰਨਾ ਚਾਹਿਆ। ਜਾਣਕਾਰੀ ਮੁਤਾਬਕ ਔਰਤ ਨੇ ਆਪਣੇ ਪਤੀ ਤੋਂ 30 ਜਨਵਰੀ ਨੂੰ ਤਲਾਕ ਲਿਆ ਸੀ ਤੇ ਅਗਲੇ ਹੀ ਦਿਨ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੀ ਧੀ ਨੂੰ ਚੱਲਦੀ ਕਾਰ 'ਚੋਂ ਬਾਹਰ ਧੱਕਾ ਦੇ ਕੇ ਖੱਡ 'ਚ ਸੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ, ਬੱਚੀ ਖੁਸ਼ਕਿਸਮਤ ਸੀ, ਜੋ ਕਿਸੇ ਤਰ੍ਹਾਂ ਬਚ ਕੇ ਪਿੰਡ ਵਾਸੀਆਂ ਨੂੰ ਮਿਲ ਗਈ। ਧੀ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਬੱਚੀ ਦਾ ਪਿਤਾ ਉਸ ਨੂੰ ਆਪਣੇ ਕੋਲ ਸੁਰੱਖਿਅਤ ਘਰ ਵਾਪਸ ਲੈ ਆਇਆ। ਇਸ ਘਟਨਾ ਤੋਂ ਬਾਅਦ ਬੱਚੀ ਦੇ ਪਿਓ ਕਪਿਲ ਨੇ ਆਪਣੀ ਪਤਨੀ ਤੇ ਉਸ ਦੇ ਪ੍ਰੇਮੀ ਖ਼ਿਲਾਫ਼ ਪੁਲਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾ ਦਿੱਤੀ। ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਆਰਕੀਟੈਕਟ ਸਤਪਾਲ ਸਿੰਘ ਨਿਵਾਸੀ ਲਾਲੜੂ (ਪ੍ਰੇਮੀ) ਤੇ ਪੂਜਾ ਕਸ਼ਯਪ ਨਿਵਾਸੀ ਜ਼ੀਰਕਪੁਰ ਖ਼ਿਲਾਫ਼ ਮਾਮਲਾ ਦਰਜ ਕਰ ਕੇ ਗ੍ਰਿਫ਼ਤਾਰ ਕਰ ਲਿਆ ਹੈ।

## ਬਹੁ-ਰਾਸ਼ਟਰੀ ਕੰਪਨੀਆਂ ਅਤੇ ਪੰਜਾਬ ਦੇ ਉਦਯੋਗ ਵਲੋਂ ਅਪ੍ਰੈਂਟਿਸਸ਼ਿਪ ਪ੍ਰਦਾਨ ਕੀਤੇ ਜਾਣ ਦੀ ਲੋੜ : ਸਾਹਨੀ

ਚੰਡੀਗੜ੍ਹ 13 ਫਰਵਰੀ। ਪੰਜਾਬ ਤੋਂ ਰਾਜ ਸਭਾ ਮੈਂਬਰ ਅਤੇ ਰਾਸ਼ਟਰੀ ਅਪ੍ਰੈਂਟਿਸਸ਼ਿਪ ਕੌਂਸਲ ਦੇ ਉਪ ਚੇਅਰਮੈਨ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿਚ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ (ਐੱਮ.ਐੱਨ.ਸੀ.) ਅਤੇ ਉਦਯੋਗਾਂ ਵਲੋਂ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਅਪ੍ਰੈਂਟਿਸਸ਼ਿਪ ਦੇ ਮੌਕੇ ਪ੍ਰਦਾਨ ਕੀਤੇ ਜਾਣ ਦੀ ਜ਼ੋਰਦਾਰ ਅਪੀਲ ਕੀਤੀ ਹੈ। ਸੰਸਦ ਵਿਚ ਆਪਣੇ ਸਵਾਲ ਦੇ ਲਿਖਤੀ ਜਵਾਬ ਵਿਚ, ਡਾ. ਸਾਹਨੀ ਨੂੰ ਪੰਜਾਬ ਵਿਚ ਘੱਟ ਇੰਟਰਨਸ਼ਿਪ ਸੰਖਿਆਵਾਂ ਬਾਰੇ ਸਬੰਧੀ ਅੰਕੜੇ ਪ੍ਰਾਪਤ ਹੋਏ ਹਨ। ਡਾ. ਸਾਹਨੀ ਨੇ ਹੈਰਾਨੀ ਪ੍ਰਗਟ ਕੀਤੀ ਕਿ ਪੰਜਾਬ ਨੂੰ ਸਿਰਫ਼ 742 ਇੰਟਰਨਸ਼ਿਪ ਪੇਸ਼ਕਸ਼ਾਂ ਪ੍ਰਾਪਤ ਹੋਈਆਂ ਹਨ, ਜੋ ਕਿ ਇਸਦੀ ਆਬਾਦੀ ਦੇ ਆਕਾਰ ਨੂੰ ਦੇਖਦੇ ਹੋਏ ਬਹੁਤ ਘੱਟ ਹਨ। ਇਸ ਤੋਂ ਵੀ ਵੱਧ ਚਿੰਤਾਜਨਕ ਹੈ ਘੱਟ ਦਾਖਲਾ ਦਰ, ਕਿਉਂਕਿ ਇਸ ਪ੍ਰੋਗਰਾਮ ਤਹਿਤ ਸਿਰਫ਼ 2,534 ਨੌਜਵਾਨ ਰਜਿਸਟਰ ਹੋਏ ਹਨ। ਇਹ ਸਕੀਮ ਬਾਰੇ ਜਾਗਰੂਕਤਾ ਦੀ ਘਾਟ ਅਤੇ ਉਦਯੋਗਾਂ ਦੀ ਨਾਕਾਫ਼ੀ ਭਾਗੀਦਾਰੀ ਦੋਵਾਂ ਨੂੰ ਦਰਸਾਉਂਦਾ ਹੈ, ਜਿਸਨੂੰ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੇ ਜਾਣ ਨਾਲ, ਇਹ ਬਹੁ-ਰਾਸ਼ਟਰੀ ਕੰਪਨੀਆਂ ਅਤੇ ਪੰਜਾਬ ਦੇ ਉਦਯੋਗਿਕ ਖੇਤਰ ਦੋਵਾਂ ਦਾ ਫਰਜ਼ ਹੈ ਕਿ ਉਹ ਅਪ੍ਰੈਂਟਿਸਾਂ ਨੂੰ ਲੈਣ, ਉਨ੍ਹਾਂ ਨੂੰ ਵਿਹਾਰਕ ਸਿਖਲਾਈ ਪ੍ਰਦਾਨ ਕਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ। ਇਸ ਪਾੜੇ ਨੂੰ ਪੂਰਾ ਕਰਨ ਲਈ ਤੁਰਤ ਕਦਮ ਚੁੱਕਦੇ ਹੋਏ, ਡਾ. ਸਾਹਨੀ ਨੇ ਐਲਾਨ ਕੀਤਾ ਕਿ ਉਹ ਇਸ ਸਕੀਮ ਅਧੀਨ ਨੌਜਵਾਨਾਂ ਦੇ ਦਾਖਲੇ ਨੂੰ ਵਧਾਉਣ ਲਈ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ (ਡੀ.ਸੀ.) ਨੂੰ ਲਿਖ ਰਹੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

## ਪੰਜਾਬ ਵਿਚ ਸੈਰ-ਸਪਾਟਾ ਖੇਤਰ ਨੂੰ ਹੁਲਾਰਾ ਦੇਣ ਲਈ ਕੋਸ਼ਿਸ਼ਾਂ ਹੋਰ ਤੇਜ਼ : ਸੌਂਦ

ਏਜੰਸੀਆਂ

ਚੰਡੀਗੜ੍ਹ 13 ਫਰਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਸਾਂਭ-ਸੰਭਾਲ ਦੇ ਖੇਤਰ ਵਿਚ ਸ਼ਾਨਦਾਰ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਰ-ਸਪਾਟਾ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਸਾਲ 2024 ਵਿੱਚ ਸੂਬਾ ਸਰਕਾਰ ਵੱਲੋਂ ਇਤਿਹਾਸਕ ਅਤੇ ਸੱਭਿਆਚਾਰਕ ਸਮਾਰਕਾਂ ਦੇ ਸੁਰਜੀਤੀਕਰਨ, ਆਧੁਨਿਕੀਕਰਨ ਅਤੇ ਸਾਂਭ-ਸੰਭਾਲ ਲਈ ਲਗਭਗ 73 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਮਹੱਤਵਪੂਰਨ ਨਿਵੇਸ਼ ਸਦਕਾ ਮੁੱਖ ਵਿਰਾਸਤੀ ਸਥਾਨਾਂ ਦਾ ਨਵੀਨੀਕਰਨ ਕੀਤਾ ਗਿਆ ਹੈ ਅਤੇ ਸੈਰ-ਸਪਾਟੇ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਵੱਖ-ਵੱਖ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਸੌਂਦ ਨੇ ਦੱਸਿਆ ਕਿ ਸਾਲ 2025 ਦੇ ਸ਼ੁਰੂ ਹੁੰਦਿਆਂ ਹੀ ਪੰਜਾਬ ਆਪਣੇ ਮੇਲੇ ਅਤੇ ਤਿਉਹਾਰਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਤਿਆਰ-ਬਰ-ਤਿਆਰ ਹੈ ਜਿਸ ਨਾਲ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕੀਤਾ ਜਾ ਸਕੇਗਾ। ਸਾਲ ਦੀ ਸ਼ੁਰੂਆਤ ਫਿਰੋਜ਼ਪੁਰ ਵਿਖੇ ਬਸੰਤ ਮੇਲੇ ਅਤੇ ਕਿਲ੍ਹਾ ਰਾਏਪੁਰ ਦੀਆਂ ਪੇਂਡੂ ਓਲੰਪਿਕ ਵਰਗੇ ਸਮਾਗਮਾਂ ਨਾਲ ਹੋਈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ, 13 ਫਰਵਰੀ ਤੋਂ 16 ਫਰਵਰੀ ਤੱਕ ਕਰਵਾਇਆ ਜਾ ਰਿਹਾ ਪਟਿਆਲਾ ਵਿਰਾਸਤੀ ਮੇਲਾ ਇਨ੍ਹਾਂ ਤਿਉਹਾਰਾਂ ਦੇ ਉਤਸ਼ਾਹ ਵਿਚ ਹੋਰ ਵਾਧਾ ਕਰੇਗਾ। ਜ਼ਿਲ੍ਹਾ ਪ੍ਰਸ਼ਾਸਨ, ਪਟਿਆਲਾ ਵੱਲੋਂ ਸੈਰ-ਸਪਾਟਾ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਮੇਲੇ ਵਿਚ ਹੈਰੀਟੇਜ ਵਾਕ, ਫੂਡ ਫੈਸਟੀਵਲ, ਸੰਗੀਤਕ ਸ਼ਾਮ, ਏਅਰੋ ਸ਼ੋਅ, ਨੇਚਰ ਵਾਕ, ਫੁੱਲਾਂ ਦੀ ਪ੍ਰਦਰਸ਼ਨੀ ਅਤੇ ਫੈਸ਼ਨ ਵਾਕ ਸਮੇਤ ਵੱਖ-ਵੱਖ ਦਿਲਕਸ਼ ਪ੍ਰੋਗਰਾਮ ਕਰਵਾਏ ਜਾਣਗੇ। ਇਹ ਸਮਾਗਮ ਨਾ ਸਿਰਫ਼ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪੇਸ਼ ਕਰਨਗੇ ਬਲਕਿ ਸੂਬੇ ਨੂੰ ਸੈਰ-ਸਪਾਟੇ ਦੇ ਮੋਹਰੀ ਸਥਾਨ ਵਜੋਂ ਵੀ ਸਥਾਪਿਤ ਕਰਨਗੇ। ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸੈਰ-ਸਪਾਟਾ ਦੇ ਪ੍ਰਮੁੱਖ ਕੇਂਦਰ ਵਜੋਂ ਆਪਣੀ ਸ਼ਾਨ ਮੁੜ ਬਹਾਲ ਕਰ ਰਿਹਾ ਹੈ। ਵਿਰਾਸਤਾਂ ਦੇ ਪੁਨਰ ਸੁਰਜੀਤੀਕਰਨ ਅਤੇ ਸੈਰ-ਸਪਾਟਾ ਵਿਸਥਾਰ ਪ੍ਰਤੀ ਸਰਕਾਰ ਦੀ ਵਚਨਬੱਧਤਾ ਸਦਕਾ ਕਈ ਪਰਿਵਰਤਨਸ਼ੀਲ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਜੋ ਪੰਜਾਬ ਦੇ ਮਹਾਨ ਇਤਿਹਾਸ, ਜੀਵੰਤ ਸੱਭਿਆਚਾਰ ਅਤੇ ਵਿਰਾਸਤ ਨੂੰ ਦਰਸਾਉਂਦੀਆਂ ਹਨ। ਸਾਲ 2024 ਵਿਚ ਕੀਤੇ ਲਗਭਗ 73 ਕਰੋੜ ਰੁਪਏ ਦੇ ਨਿਵੇਸ਼ ਦੇ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ ਜਿਸ ਨੇ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਅਜਾਇਬ ਘਰ ਅਤੇ ਫਿਰੋਜ਼ਪੁਰ ਵਿਚ ਸਾਰਾਗੜ੍ਹੀ ਅਜਾਇਬ ਘਰ ਵਰਗੇ ਇਤਿਹਾਸਕ ਸਥਾਨਾਂ ਵਿਚ ਨਵੀਂ ਜਾਨ ਫੂਕ ਦਿੱਤੀ ਹੈ। ਇਸ ਦੇ ਨਾਲ ਹੀ ਖੰਨਾ ਵਿਚ ਸਰਾਏ ਲਸ਼ਕਰੀ ਖਾਨ ਦਾ ਵੀ ਵਿਆਪਕ ਨਵੀਨੀਕਰਨ



ਕੀਤਾ ਗਿਆ ਹੈ। ਪੰਜਾਬ ਦੀ ਸੱਭਿਆਚਾਰਕ ਸ਼ਾਨ ਵਿਚ ਵਾਧਾ ਕਰਦਿਆਂ ਭਗਵਾਨ ਵਾਲਮੀਕਿ ਜੀ ਪੈਨੋਰਮਾ ਦਾ ਉਦਘਾਟਨ ਸ਼ਾਨੋ-ਸ਼ੌਕਤ ਨਾਲ ਕੀਤਾ ਗਿਆ, ਜਦੋਂਕਿ ਅੰਮ੍ਰਿਤਸਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਵਿੱਚ ਸਥਾਈ ਲਾਈਟ ਐਂਡ ਸਾਊਂਡ ਸ਼ੋਅ ਰੰਗਲਾ ਪੰਜਾਬ ਫੈਸਟੀਵਲ ਦਾ ਇੱਕ ਸ਼ਾਨਦਾਰ ਆਕਰਸ਼ਣ ਬਣ ਗਿਆ। ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਫਤਹਿਗੜ੍ਹ ਸਾਹਿਬ ਵਿਚ ਦੀਵਾਨ ਟੋਡਰ ਮੱਲ ਦੇ ਇਤਿਹਾਸਕ ਨਿਵਾਸ ਸਥਾਨ, ਜਹਾਜ਼ ਹਵੇਲੀ ਦੀ ਸਾਂਭ ਸੰਭਾਲ ਅਤੇ ਮੁੜ ਬਹਾਲੀ ਸ਼ੁਰੂ ਕਰਕੇ ਸਿੱਖ ਵਿਰਾਸਤ ਨੂੰ ਸੰਭਾਲਣ ਲਈ ਇਕ ਅਹਿਮ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਵਿਚ ਕਾਫੀ ਮਹੱਤਤਾ ਰੱਖਦੇ ਹਨ ਅਤੇ ਉਨ੍ਹਾਂ ਦੀ ਵਿਰਾਸਤ ਦੀ ਰੱਖਿਆ ਕਰਨਾ ਸਾਡਾ ਸਮੂਹਿਕ ਫਰਜ਼ ਹੈ। ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਸੱਭਿਆਚਾਰਕ ਅਤੇ ਪੇਂਡੂ ਸੈਰ-ਸਪਾਟਾ ਪ੍ਰਤੀ ਸਮਰਪਣ ਨੂੰ ਰਾਸ਼ਟਰੀ ਮੰਚ 'ਤੇ ਵੀ ਮਾਨਤਾ ਪ੍ਰਾਪਤ ਹੋਈ ਹੈ। ਸੂਬੇ ਦੇ ਯਤਨਾਂ ਸਦਕਾ ਗੁਰਦਾਸਪੁਰ ਦੇ ਨਵਾਂਪਿੰਡ ਸਰਦਾਰਾਂ ਨੂੰ ਭਾਰਤ ਦੇ ਸਰਬੋਤਮ ਸੈਰ-ਸਪਾਟਾ ਪਿੰਡ (2023) ਦਾ ਖਿਤਾਬ ਮਿਲਿਆ ਜਦੋਂ ਕਿ ਫਤਹਿਗੜ੍ਹ ਸਾਹਿਬ ਦੇ ਹੰਸਾਲੀ ਫਾਰਮਸਟੇ ਨੇ 2024 ਵਿਚ ਖੇਤੀਬਾੜੀ-ਸੈਰ-ਸਪਾਟਾ ਸ਼੍ਰੇਣੀ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਰਾਸਤਾਂ ਦੇ ਪੁਨਰ ਸੁਰਜੀਤੀਕਰਨ, ਸੱਭਿਆਚਾਰਕ ਜਸ਼ਨਾਂ ਅਤੇ ਆਧੁਨਿਕ ਸੈਰ-ਸਪਾਟਾ ਸਬੰਧੀ ਰਣਨੀਤੀਆਂ ਦੇ ਸੰਪੂਰਨ ਮਿਸ਼ਰਣ ਨਾਲ, ਪੰਜਾਬ ਕਥਾਵਾਂ, ਤਿਉਹਾਰਾਂ ਅਤੇ ਜੀਵੰਤ ਪਰੰਪਰਾਵਾਂ ਦੀ ਧਰਤੀ ਵਜੋਂ ਆਪਣੀ ਸ਼ਾਨ ਨੂੰ ਮੁੜ ਬਹਾਲ ਕਰਨ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ।

## ਜੀ. ਐੱਸ. ਟੀ. ਟੀਮਾਂ ਵੱਲੋਂ ਸ਼ਹਿਰ ਦੀਆਂ ਕਈ ਥਾਵਾਂ 'ਤੇ ਸਰਵੇ ਦੌਰਾਨ ਚੈਕਿੰਗ

ਏਜੰਸੀਆਂ

ਅੰਮ੍ਰਿਤਸਰ 13 ਫਰਵਰੀ। ਜੀ. ਐੱਸ. ਟੀ. ਵਿਭਾਗ ਵੱਲੋਂ ਵੱਖ-ਵੱਖ ਥਾਵਾਂ 'ਤੇ ਕੀਤੇ ਜਾ ਰਹੇ ਸਰਵੇ ਦੌਰਾਨ ਪਿਛਲੇ 20 ਦਿਨਾਂ ਦੇ ਅੰਦਰ ਨਗਰ ਭਰ ਦੀਆਂ ਲਗਭਗ 50 ਤੋਂ ਵੱਧ ਮਾਰਕੀਟਾਂ, ਵਪਾਰਕ ਸੰਸਥਾਨਾਂ, ਹੋਟਲ, ਢਾਬਿਆਂ, ਮਾਲ ਆਦਿ 'ਚ ਚੈਕਿੰਗ ਕੀਤੀ ਗਈ। ਇਸ ਦੌਰਾਨ ਅੰਮ੍ਰਿਤਸਰ ਦੇ ਬਾਹਰੀ ਇਲਾਕਿਆਂ 'ਚ ਰਣਜੀਤ ਐਵੇਨਿਊ ਦਾ ਪੂਰਾ ਇਲਾਕਾ, ਜਿਸ 'ਚ ਏ. ਬੀ. ਸੀ. ਡੀ ਬਲਾਕ ਸ਼ਾਮਲ ਹਨ, 'ਚ ਸਰਵੇ ਕੀਤਾ ਗਿਆ। ਇਸੇ ਤਰ੍ਹਾਂ ਅੰਮ੍ਰਿਤਸਰ-ਜਲੰਧਰ ਰਸਤੇ 'ਤੇ ਜੰਡਿਆਲਾ, ਮਾਨਾਂਵਾਲਾ, ਗੋਲਡਨ ਗੇਟ, ਨਿਊ-ਅੰਮ੍ਰਿਤਸਰ ਦੇ ਵੱਡੇ ਇਲਾਕੇ ਚੈੱਕ ਕੀਤੇ ਗਏ। ਉਧਰ ਅੰਮ੍ਰਿਤਸਰ ਸਿਟੀ ਦੇ 12 ਗੇਟਾਂ ਦੇ ਬਾਹਰ ਸੁਲਤਾਨ ਵਿੰਡ ਰੋਡ, ਈਸਟ ਮੋਹਨ ਨਗਰ, 100 ਫੁੱਟੀ ਰੋਡ, ਘਿਓ ਮੰਡੀ, ਸ਼ੇਰਾਂ ਵਾਲਾ ਗੇਟ, ਰਾਮਬਾਗ ਦੇ ਖੇਤਰ, ਨੰਦਨ ਸਿਨੇਮਾ ਚੌਕ, ਹੁਸੈਨਪੁਰਾ ਚੌਕ, ਹਾਲ ਬਾਜ਼ਾਰ, ਕਟਰਾ ਹਰਿ ਸਿੰਘ, ਕਟਰਾ ਜੈਮਲ ਸਿੰਘ, ਕਟਰਾ ਅਹਲੂਵਾਲੀਆ, ਮੈਡੀਸਨ ਮਾਰਕੀਟ, ਗੋਲ ਹੱਟੀ ਚੌਕ, ਅੰਦਰੂਨੀ ਗੇਟ ਖਜ਼ਾਨਾ, ਗਿੱਲ ਵਾਲੀ ਗੇਟ, ਟਰਾਂਸਪੋਰਟ ਨਗਰ ਜਹਾਜ਼ਗੜ੍ਹ, ਪੁਤਲੀਘਰ, ਲਿੰਕ ਰੋਡ, ਲਿਬਰਟੀ ਮਾਰਕੀਟ, ਮਜੀਠਾ ਰੋਡ, ਬਟਾਲਾ ਰੋਡ, 88 ਫੁੱਟ ਰੋਡ ਸਮੇਤ ਅਨੇਕਾਂ ਇਲਾਕਿਆਂ 'ਚ ਦਬਿਸ਼ ਦਿੱਤੀ ਗਈ। ਡਿਪਟੀ ਕਮਿਸ਼ਨਰ ਜੀ. ਐੱਸ. ਟੀ. ਅੰਮ੍ਰਿਤਸਰ ਰੇਂਜ ਮੈਡਮ ਰਾਜਵਿੰਦਰ ਕੌਰ ਦੇ ਨਿਰਦੇਸ਼ਾਂ 'ਤੇ ਸਹਾਇਕ ਕਮਿਸ਼ਨਰ ਅੰਮ੍ਰਿਤਸਰ-1 ਮੈਡਮ ਪ੍ਰਗਤੀ ਸੇਠੀ ਦੀ ਨਿਗਰਾਨੀ 'ਚ ਸਟੇਟ ਟੈਕਸ ਅਧਿਕਾਰੀ (ਐੱਸ. ਟੀ. ਓ.) ਲਲਿਤ ਕੁਮਾਰ, ਐੱਸ. ਟੀ. ਓ. ਮੈਡਮ ਮੇਘਾ ਕਪੂਰ, ਐੱਸ. ਟੀ. ਓ. ਮੈਡਮ ਅੰਜਲੀ ਸੇਖੜੀ, ਲਖਬੀਰ ਸਿੰਘ, ਐੱਸ. ਟੀ. ਓ. ਮੈਡਮ ਨਰਿੰਦਰ ਪਾਲ ਕੌਰ, ਇੰਸਪੈਕਟਰ ਜੰਗ ਬਹਾਦੁਰ ਸਿੰਘ, ਇੰਸਪੈਕਟਰ ਸ਼ਮਸ਼ੇਰ ਸਿੰਘ, ਇੰਸਪੈਕਟਰ ਗੁਰਤੇਜ ਸਿੰਘ, ਇੰਸਪੈਕਟਰ ਸੁਨੀਲ ਲੂਥਰਾ, ਸੁਖਪ੍ਰੀਤ ਕੌਰ ਦੀ ਅਗਵਾਈ 'ਚ ਜੀ. ਐੱਸ. ਟੀ. ਦੀਆਂ ਟੀਮਾਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਐਕਟਿਵ ਰਹੀਆਂ। ਇਸ ਲੰਬੀ ਮੁਹਿੰਮ 'ਚ ਜੀ. ਐੱਸ. ਟੀ. ਵਿਭਾਗ ਦਾ ਮੁੱਖ ਟੀਚਾ ਇਹ ਸੀ ਕਿ ਜਿਨ੍ਹਾਂ ਕੋਲ ਜੀ. ਐੱਸ. ਟੀ. ਨੰਬਰ ਨਹੀਂ ਹੈ ਅਤੇ ਉਹ ਲਗਾਤਾਰ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਰਜਿਸਟਰਡ ਕੀਤਾ ਜਾਵੇ। ਦੂਜੇ ਪਾਸੇ ਉਹ ਜੋ ਸਰਵਿਸ ਟੈਕਸ ਦੇ ਖੇਤਰ 'ਚ ਆਉਂਦੇ ਹਨ ਅਤੇ ਉਹ ਦੇ ਨਹੀਂ ਰਹੇ, ਉਨ੍ਹਾਂ 'ਤੇ ਪੂਰਾ ਫੋਕਸ ਰੱਖਿਆ ਜਾਵੇ। ਇਸ ਦੌਰਾਨ ਇਸ ਗੱਲ ਦਾ ਵੀ ਪਤਾ ਲੱਗਾ ਹੈ ਕਿ



ਵੱਡੀ ਗਿਣਤੀ 'ਚ ਅਜਿਹੇ ਕਾਰੋਬਾਰੀ ਕੰਮ ਕਰ ਰਹੇ ਸਨ, ਜਿਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਉਹ ਜੀ. ਐੱਸ. ਟੀ. ਦੇ ਅਦਾਰੇ 'ਚ ਆਉਂਦੇ ਹਨ ਜਾਂ ਨਹੀਂ? ਇਸ ਗੱਲ ਦੇ ਮੁਨਾਫੇ ਵੀ ਦੱਸੇ ਗਏ, ਜੋ ਜੀ. ਐੱਸ. ਟੀ. 'ਚ ਰਜਿਸਟਰਡ ਹੋਣ ਤੋਂ ਬਾਅਦ ਮਿਲਦੇ ਹਨ। ਸਰਵੇ ਦੌਰਾਨ ਕਈ ਅਜਿਹੇ ਸੰਸਥਾਨਾਂ ਦਾ ਪਤਾ ਵੀ ਲੱਗਾ ਹੈ, ਜਿਨ੍ਹਾਂ ਕੋਲ ਜੀ. ਐੱਸ. ਟੀ. ਨੰਬਰ ਨਹੀਂ ਹੈ ਅਤੇ ਉਹ ਜਲਦ ਜੀ. ਐੱਸ. ਟੀ. 'ਚ ਰਜਿਸਟਰਡ ਹੋਣਾ ਚਾਹੁੰਦੇ ਹਨ। ਉਧਰ ਇਸ ਸਰਵੇ 'ਚ ਵਿਭਾਗ ਨੂੰ ਕਾਰੋਬਾਰੀਆਂ ਅਤੇ ਵਪਾਰੀਆਂ ਦਾ ਪੂਰਾ-ਪੂਰਾ ਸਹਿਯੋਗ ਮਿਲਿਆ ਹੈ। ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਸਰਵੇ ਡਰਾਈਵ ਨਾਲ ਆਉਣ ਵਾਲੇ ਸਮੇਂ 'ਚ ਇਸ ਜਾਗਰੂਕਤਾ ਦੇ ਨਤੀਜੇ ਚੰਗੇ ਨਿਕਲਣਗੇ। ਇਸ ਦੌਰਾਨ ਵਿਭਾਗੀ ਅਧਿਕਾਰੀਆਂ ਵੱਲੋਂ ਵਪਾਰੀਆਂ ਦੀ ਸਮੂਹਿਕ ਹਾਜ਼ਰੀ 'ਚ ਜੀ. ਐੱਸ. ਟੀ. ਕੈਂਪ ਦੇ ਆਯੋਜਨ ਕੀਤੇ ਗਏ। ਇਨ੍ਹਾਂ 'ਚ ਵੱਡੀ ਗਿਣਤੀ 'ਚ ਕਾਰੋਬਾਰੀਆਂ ਨੂੰ ਇਕੱਠਾ ਕਰ ਕੇ ਜੀ. ਐੱਸ. ਟੀ. ਦੇ ਲਗਾਤਾਰ ਬਦਲ ਰਹੇ ਨਿਯਮਾਂ ਦੀ ਜਾਣਕਾਰੀ ਦਿੱਤੀ। ਉਧਰ ਇਸ ਦੌਰਾਨ ਵੱਡੀ ਗਿਣਤੀ 'ਚ ਉਨ੍ਹਾਂ ਲੋਕਾਂ ਨੂੰ ਵੀ ਸ਼ਾਮਲ ਕੀਤਾ ਗਿਆ, ਜਿਨ੍ਹਾਂ ਨੂੰ ਜੀ. ਐੱਸ. ਟੀ. ਵਿਸ਼ੇਸ਼ ਕਰ ਕੇ ਸਰਵਿਸ ਟੈਕਸ ਦੇ ਬਾਰੇ 'ਚ ਕੁਝ ਨਹੀਂ ਪਤਾ ਸੀ। ਜ਼ਿਆਦਾਤਰ ਕਾਰੋਬਾਰੀ ਇਹ ਸਮਝਦੇ ਹਨ ਕਿ ਜੇਕਰ ਜੀ. ਐੱਸ. ਟੀ. 'ਚ ਟੈਕਸ ਦੇ ਕੇ ਸਾਮਾਨ ਖਰੀਦ ਕੇ ਵੇਚ ਦਿੱਤਾ ਹੈ ਤਾਂ ਹੁਣ ਉਹ ਫ੍ਰੀ ਹੋ ਚੁੱਕੇ ਹਨ ਪਰ ਉਸ 'ਚ ਸਰਵਿਸ ਟੈਕਸ ਕਿੰਨਾ ਜ਼ਿਆਦਾ ਵਧਿਆ ਹੈ, ਇਸ ਸਬੰਧੀ ਜੀ. ਐੱਸ. ਟੀ. ਦੇ ਕੈਂਪਾਂ 'ਚ ਵਿਸਥਾਰਤ ਜਾਣਕਾਰੀ ਦਿੱਤੀ ਗਈ ਸੀ। ਇਸ 'ਚ ਜ਼ਿਆਦਾਤਰ ਖਾਣ-ਪੀਣ ਦਾ ਸਾਮਾਨ ਤਿਆਰ ਕਰ ਕੇ ਵੇਚਣ ਵਾਲੇ, ਵਾਹਨਾਂ ਦੀ ਵਰਕਸ਼ਾਪ ਚਲਾਉਣ ਵਾਲੇ, ਢਾਬਾ, ਰੈਸਟੋਰੈਂਟ ਅਤੇ ਕੁਕਿੰਗ ਦਾ ਕੰਮ ਕਰਨ ਵਾਲੇ ਕੈਟਰਸ, ਬੁਟੀਕ, ਦਰਜੀ, ਬਿਊਟੀ ਪਾਰਲਰ, ਟਰਾਂਸਪੋਰਟਰ, ਪ੍ਰਾਈਵੇਟ ਕਮਰਸ਼ੀਅਲ ਵਾਹਨਾਂ ਦੇ ਮਾਲਕ ਆਦਿ ਸ਼ਾਮਿਲ ਹਨ, ਜੋ ਸਰਵਿਸ ਟੈਕਸ ਦੇ ਘੇਰੇ 'ਚ ਆਉਂਦੇ ਹਨ। ਸਹਾਇਕ ਕਮਿਸ਼ਨਰ ਅੰਮ੍ਰਿਤਸਰ-1 ਮੈਡਮ ਪ੍ਰਗਤੀ ਸੇਠੀ ਨੇ ਕਿਹਾ ਕਿ ਜੀ. ਐੱਸ. ਟੀ. ਦੇਣ ਅਤੇ ਇਸ 'ਚ ਰਜਿਸਟਰਡ ਹੋਣ 'ਤੇ ਕਾਰੋਬਾਰੀ ਦੀ ਸਮਾਜ 'ਚ ਵੀ ਹੋਂਦ ਬਣਦੀ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਕਿਸੇ ਚੀਜ਼ 'ਤੇ ਲੋਨ ਲੈਣਾ ਹੈ ਤਾਂ ਕਰਦਾਤਾ ਨੂੰ ਪਹਿਲ ਮਿਲਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਕਾਰੋਬਾਰੀ ਬਿਨਾਂ ਜੀ. ਐੱਸ. ਟੀ. ਦੇ ਰਜਿਸਟਰਡ ਹੋਏ ਅੱਗੇ ਨਹੀਂ ਵਧ ਸਕਦਾ। ਇਸ 'ਚ ਕਾਰੋਬਾਰੀ ਬੇਫਿਕਰ ਹੁੰਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਦੁਬਿਦਾ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕੋਲ ਆਪਣੇ ਕਾਰੋਬਾਰ 'ਚ ਮਾਲ ਦਾ ਸਟਾਕ ਪੂਰੀ ਗਿਣਤੀ 'ਚ ਹੁੰਦਾ ਹੈ, ਉਸ ਦੇ ਸੰਸਥਾਨ 'ਚ ਚੋਰੀ ਵੀ ਨਹੀਂ ਹੋ ਸਕਦੀ ਅਤੇ ਇਹ ਸਭ ਜੀ. ਐੱਸ. ਟੀ. ਨੰਬਰ ਲੈਣ ਦੇ ਬਿਨਾਂ ਸੰਭਵ ਨਹੀਂ ਹੋ ਸਕਦਾ। ਡਿਪਟੀ ਕਮਿਸ਼ਨਰ ਜੀ. ਐੱਸ. ਟੀ. ਅੰਮ੍ਰਿਤਸਰ ਰੇਂਜ ਮੈਡਮ ਰਾਜਵਿੰਦਰ ਕੌਰ ਨੇ ਕਿਹਾ ਕਿ ਵਪਾਰੀਆਂ 'ਚ ਜਾਗਰੂਕਤਾ ਆਉਣ ਲੱਗੀ ਹੈ। ਆਉਣ ਵਾਲੇ ਸਮੇਂ 'ਚ ਕਈ ਹੋਰ ਸਥਾਨਾਂ 'ਤੇ ਹੋਰ ਵੀ ਜੀ. ਐੱਸ. ਟੀ. ਕੈਂਪ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਵਪਾਰੀਆਂ ਤੋਂ ਮਿਲੇ ਮਾਲੀਆ ਕਾਰਨ ਦੇਸ਼ 'ਚ ਵਿਕਾਸ ਕਾਰਜ ਹੁੰਦੇ ਹਨ। ਇਸ ਲਈ ਵਪਾਰੀ ਈਮਾਨਦਾਰੀ ਨਾਲ ਟੈਕਸ ਦੇਣ, ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਪ੍ਰੇਸ਼ਾਨੀ ਨਹੀਂ ਹੋਵੇਗੀ। ਇਸ ਦੀ ਜਾਣਕਾਰੀ ਹੇਤੂ ਉਹ ਅੰਮ੍ਰਿਤਸਰ ਦੇ ਜੀ. ਐੱਸ. ਟੀ. ਮੁੱਖ ਦਫਤਰ 'ਚ ਕਿਸੇ ਵੀ ਅਧਿਕਾਰੀ ਦੀ ਮਦਦ ਲੈ ਸਕਦੇ ਹਨ। ਅਧਿਕਾਰੀ ਨੇ ਕਿਹਾ ਕਿ ਇਸ ਲਈ ਆਮ ਜਨਤਾ ਨੂੰ ਵੀ ਜਾਗ੍ਰਿਤ ਹੋਣ ਦੀ ਲੋੜ ਹੈ ਕਿ ਉਹ ਕਿਸੇ ਵੀ ਸਾਮਾਨ ਦੀ ਖਰੀਦ ਕਰਨ ਦੇ ਨਾਲ ਉਸ ਦਾ ਬਿੱਲ ਵੀ ਲੈਣ।